ਉਹਨੂੰ ਦੂਰੋਂ ਆਉਂਦੀ ਦੇਖ । ਮੈਨੂੰ ਚਾਅ ਏਨਾ ਚੜ੍ਹਨਾ ਜਿੰਨਾ ਭਤੀਜਿਆ ਨੂੰ ਚਾਚੇ ਦੇ ਵਿਆਹ ਦਾ ਹੁੰਦਾ..

# SO FAR

## ਸੋ ਫਾਰ


Writer - Jass Bedi ( Ferozepur )

ਲੇਖਕ ਜੱਸ ਬੇਦੀ ( ਫਿਰੋਜ਼ਪੁਰ )




**Editor**

PDF WORK

TYPING & EDITING { COVER } BY

**© JASS BEDI { FEROZEPUR }**

FEROZEPUR { PUNJAB }

**2024**

CONTACT

**WHATSAPP - 62394 - 24614**

**JASSBEDI456@GMAIL.COM**

INSTAGRAM

**{ OFFICIAL_JASS.12 }**

**********

{ ਤੁਸੀ...! ਚਾਂਦੀ ਦਾ ਚਮਚਾ ਲੈਕੇ ਜੰਮੇ ਓ

ਅਸੀ ਆਵਦਾ...! ਯਾਨੀ ਕੀ ਜਿਹੜਾ ਬੇਸ ਐ ਅਸੀ ਆਪ ਬਣਾਇਆ । }

ਸਿੱਧੂ ਮੂਸੇਆਲਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਸ਼ਨੀਵਾਰ ਦੁਪਿਹਰ ਦੇ ਦੋ ਵੱਜ ਰਹੇ ਸੀ ! ਅੱਜ ਬਰਾਂਚ ਵਿਚ ਭੀੜ ਭੜੱਕਾ ਵੀ ਘੱਟ ਦਿਖਾਈ ਦੇ ਰਿਹਾ ਸੀ । ਆਮ ਤੋਰ ਤੇ ਸਰਕਾਰੀ ਦਫਤਰਾਂ ਵਿਚ ਅਖੀਰਲੇ ਦਿਨੀ ਘੱਟ ਹੀ ਭੀੜ ਹੁੰਦੀ ਹੈ । ਏਕਮ ਚੁੱਪ - ਚਾਪ ਕੁਰਸੀ ਤੇ ਬੈਠਾ ਕੁੱਝ ਸੋਚ ਰਿਹਾ ਸੀ । ਸ਼ਾਇਦ ਕੰਮ - ਕਾਰ ਵਿਚ ਪੈਣ ਤੋਂ ਪਹਿਲਾਂ ਕੀਤੀ ਐਸ਼ ਬਾਰੇ । ਸ਼ਾਇਦ ਆਵਦੇ ਅੱਗੇ ਦੇ ਕਰੀਅਰ ਬਾਰੇ । ਸ਼ਾਇਦ ਮੀਤ ਬਾਰੇ । ਏਨੇ ਨੂੰ ਰੋਹਿਤ ਸਰ ਦੀ ਆਵਾਜ਼ ਆਈ ਜਸਪਾਲ ਜੀ 304 ਨੰਬਰ ਫਾਈਲ ਲੈਕੇ ਆਉਣਾ । ਇੱਧਰ ਅੱਜ ਪਤਾ ਨਈ ਕਿਉਂ ਏਕਮ ਦਾ ਬਾਹਲਾ ਕੰਮ ਕਰਨ ਨੂੰ ਦਿਲ ਜਿਹਾ ਨਈ ਸੀ ਕਰ ਰਿਹਾ ।

ਉਹ ਸ਼ਾਇਦ ਤਾਂ ਕਰਕੇ ਕਿਉਂਕੀ ਉਹ ਅੱਜ ਆਪਣੇ ਬੀਤੇ ਕੱਲ ਬਾਰੇ ਜਿਆਦਾ ਸੋਚ ਰਿਹਾ ਸੀ । ਇਹਦਾ ਹੱਲ ਵੀ ਉਹਦੇ ਕੋਲ ਹੀ ਸੀ । ਕੰਨਾ ਵਿਚ ਹੈਡਫੋਨ ਅਤੇ ਹੈਡਫੋਨਾ ਚ ਗਾਣੇ ਮਤਲਬ ਉਹੀ ਚੱਕਮੇ ਜਿਹੇ । ਪਰ ਅੱਜ ਪਤਾ ਨਈ ਕਿਉਂ ਉਹਨੂੰ ਉਹਵੀ ਗਾਣੇ ਚੰਗੇ ਨਈ ਸੀ ਲੱਗ ਰਹੇ । ਜਿੰਨਾ ਨੂੰ ਸੁਣ ਉਹ ਟੈਨਸ਼ਨ ਫ਼ਰੀ ਹੋ ਜਾਂਦਾ ਸੀ । ਅੱਜ ਦਿਨ ਵੀ ਛੇਤੀ ਨਈ ਸੀ ਬੀਤ ਰਿਹਾ । ਇੰਸਟਾਂਗ੍ਰਾਮ ਖੋਲਿਆ ਤਾਂ ਉਥੇ ਦੇਖਿਆ ਕਈ ਫੇਮ ਦੀ ਖਾਤਰ ਇਕ ਦੂੱਜੇ ਨੂੰ ਮੰਦਾ ਚੰਗਾ ਬੋਲ ਰਹੇ ਸੀ । ਅਤੇ ਕਈ ਫੋਲੋ ਮੀ ਫੋਲੋ ਬੈਕ ਦੀ ਮਸ਼ਹੂਰੀ ਕਰ ਰਹੇ ਸੀ । ਇਹ ਸਭ ਦੇਖ ਇੰਸਟਾ ਲਾਗ ਆਉਟ ਕੀਤਾ ਅਤੇ ਮੋਬਾਇਲ ਚਾਰਜਿੰਗ ਤੇ ਲਾ ਦਿੱਤਾ । ਏਕਮ ਅੱਜ ਬੇ-ਫਾਲਤੂ ਜਿਹੀਆਂ ਗੱਲਾ ਬਾਰੇ ਜਿਆਦਾ ਸੋਚ - ਵਿਚਾਰ ਰਿਹਾ ਸੀ ।

ਤਾਂਹੀ ਸ਼ਕਲ ਤੇ 12 ਵੱਜੇ ਸਾਫ-ਸਾਫ ਦਿਖਾਈ ਦੇ ਰਹੇ ਸੀ । ਘਰ ਗਿਆ ਤਾਂ ਮਾਤਾ ਨੇ ਜਾਂਦਿਆ ਪੁੱਛਲਿਆ ਕਿਵੇਂ ਅੱਜ ਚੁੱਪ-ਚੁੱਪ ਕਿਉਂ ਆਂ...? ਨਾ ਹੀ ਤੂੰ ਅੱਜ ਘਰ ਫੋਨ - ਫਾਨ ਕੀਤਾ ਕੋਈ । ਕੀ ਗੱਲ..? ਏਕਮ ਖਿੱਝੀ ਹੋਈ ਆਵਾਜ਼ ਚ' *ਕੁੱਝ ਨਈ ਯਾਰ* ਏਕਮ ਨੂੰ ਰਾਤ ਨੂੰ ਚਾਹ ਪੀਕੇ ਸੋਣ ਦੀ ਬੜੀ ਭੈੜੀ ਆਦਤ ਸੀ । ਰੋਟੀ ਖਾਦੀ ਅਤੇ ਉਸਤੋਂ ਬਾਅਦ ਚਾਹ ਪੀਕੇ ਸਰਾਹਣਾ ਸਿਰ ਥੱਲੇ ਰੱਖ ਸੋਣ ਦੀ ਕੋਸ਼ਿਸ਼ ਕਰ ਰਿਹਾ ਸੀ । ਪਰ ਉਸ ਨੂੰ ਅੱਜ ਨੀਂਦ ਨਈ ਸੀ ਆ ਰਹੀ ।

ਫਿਰ ਸੋਚਿਆ ਚੱਲ ਜੱਦ ਤੱਕ ਨੀਂਦ ਨਈ ਆਉਂਦੀ ! ਉਨਾ ਚਿਰ ਕੋਈ ਕਹਾਣੀ - ਕਿਤਾਬ ਹੀ ਪੜ ਲੈਂਦਾਂ ਹਾਂ । ਇਹ ਸੋਚਕੇ ਉਹ ਇਕ ਚੰਗੇਂ ਨਾਵਲ ਜਾਂ ਕਹਾਣੀ ਦੀ ਭਾਲ ਕਰ ਰਿਹਾ ਸੀ ! ਕੀ ਫੇਰ ਪੰਜਾਬੀ ਲਾਈਬਰੇਰੀ ਦੀ ਵੈਬਸਾਈਟ ਤੋਂ ਏਕਮ ਹੱਥ ਅਜਿਹੀ ਕਹਾਣੀ ਲੱਗੀ ਜਿਸ ਵਿਚ ਲੇਖਕ ਨੇ ਆਪਣੇ ਜੀਵਨ ਬਾਰੇ ਚਾਨਣਾ ਪਾਇਆ ਹੋਇਆ ਸੀ ! ਕੀ ਉਸਨੇ ਆਪਣੀ ਜਿੰਦਗੀ ਵਿਚ ਅੱਜ ਤਾਂਈ ਕੀ - ਕੀ ਕੀਤਾ ਅਤੇ ਅੱਗੇ ਕੀ - ਕੀ ਕਰਨਾ ਚਾਹੁੰਦਾ ਹੈ। ਕਿਤਾਬ ਦੇ ਹੱਲੇ 10 ਪੰਨੇ ਵੀ ਨਈ ਸੀ ਪੜੇ ਕੀ ਏਕਮ ਨੂੰ ਅਚਾਨਕ ਨੀਂਦ ਆ ਗਈ ! ਤੇ ਉਹ ਪੜ੍ਹਦਾ ਪੜ੍ਹਦਾ ਹੀ ਸੋਗਿਆ ।

**ਸਵੇਰੇ ਜੱਦ ਉਠਿਆ ਤਾਂ ਫੋਨ ਬੈੱਡ ਤੋਂ ਥੱਲੇ ਡਿੱਗਾ ਪਿਆ ਸੀ ।**

**ਫੋਨ ਬੈੱਡ ਤੋਂ ਥੱਲੇ ਡਿੱਗਾ ਦੇਖ ਏਕਮ ਦੇ ਮਨ ਵਿਚ ਇਕ ਹਾਸੋ ਹੀਣੀ ਕਵਿਤਾ ਜੁੜੀ**

**ਮੈਨੂੰ ਪਤਾ ਨਹੀਉ ਰਾਤੀ ਮੈਂ ਤੇ ਕਦੋਂ ਸੋਗਿਆ**

**ਜੱਦ ਉਠਿੱਆ ਤਾਂ ਫੋਨ ਥੱਲੇ ਡਿੱਗਾ ਪਿਆ ਸੀ !**

**ਸੁੱਤੇ ਪਏ ਦੇ ਹੀ ਹੈੱਡ ਫੋਨ ਕੱਨੋ ਲੱਥੇ ਪਏ**

**ਰਜਾਈ ਵਿਚ ਮੈਂ ਤਾਂ ਹੋਕੇ ਨਿੱਘਾ ਪਿਆ ਸੀ !**

**ਚਾਹ ਨਾਲ ਰੋਟੀਆਂ ਸਭ ਨੇ ਸੀ ਖਾਲੀਆਂ**

**ਮੇਰੇ ਫੁਲਕੇ ਤਾਂ ਪੋਣੇ ਵਿਚ ਕੱਜੇ ਪਏ ਸੀ !**

**ਅੱਖਾਂ ਮਲ-ਮਲ ਜਦੋਂ ਨੀ ਮੈਂ ਟਾਇਮ ਦੇਖਿਆ**

**ਤਾਂ ਸਾਢੇ ਦੱਸ ਘੜੀ ਉੱਤੇ ਵੱਜੇ ਪਏ ਸੀ ! ਹਾਹਾਹਾਹਾ**

**ਅਤੇ ਉਹਨੂੰ ਯਾਦ ਆਇਆ ਕੀ ਉਹ ਰਾਤੀ ਕੁੱਝ ਪੜ੍ਹ ਰਿਹਾ ਸੀ ਤੇ ਪੜ੍ਹਦਾ ਪੜ੍ਹਦਾ ਹੀ ਸੋਗਿਆ । ਅੱਜ ਏਕਮ ਉਹ ਸਾਰੀ ਕਿਤਾਬ ਪੜ੍ਹਣੀ ਚਾਹੁੰਦਾ ਸੀ ਜਿਹੜੀ ਕੀ ਕੱਲ ਰਾਤ ਉਹਦੇ ਕੋਲੋਂ ਅਧੂਰੀ ਰਹਿ ਗਈ ਸੀ । ਕਿਤਾਬ ਦੇ ਲੱਗਭਗ ਨੱਬੇ - ਪਚਾਨਵੇਂ ਪੰਨੇ ਹੋਣਗੇ ।**

**ਹੋਲੀ ਹੋਲੀ ਕਰਦਿਆ ਏਕਮ ਨੇ ਉਹ ਸਾਰੀ ਕਿਤਾਬ ਪੜ ਲਈ ਅਤੇ ਕਾਫ਼ੀ ਸੱਜਣਾ ਮਿੱਤਰਾਂ ਨਾਲ ਉਹ ਕਿਤਾਬ ਸਾਂਝੀ ਵੀ ਕੀਤੀ । ਅਤੇ ਏਕਮ ਨੇ ਉਹ ਕਿਤਾਬ ਤੋਂ ਪ੍ਭਾਵਿਤ ਹੋਕੇ ਕੁੱਝ ਆਪ ਲਿਖਣ ਬਾਰੇ ਸੋਚਿਆ ।**

**ਏਕਮ ਨੂੰ ਪਹਿਲਾਂ ਵੀ ਪੜ੍ਹਣ ਦੇ ਨਾਲ - ਨਾਲ ਲਿਖਣ ਦਾ ਸ਼ੌਂਕ ਸੀ । ਜਿਵੇਂ ਕੀ ਕਿਸੇ ਦੀ ਤਰੀਫ ਚ ਦੋ ਕੂ ਬੋਲ ਜਾਂ ਛੋਟੇ -ਛੋਟੇ ਟੋਟਕੇ ਜਿਹੇ । ਪਰ ਇਸ ਵਾਰ ਏਕਮ ਹੁਣ ਪੂਰੀ ਕਿਤਾਬ ਲਿੱਖਣ ਦਾ ਮਨ ਬਣਾ ਚੁੱਕਾ ਸੀ । ਬਸ ਫੇਰ ਕੀ ਸੀ ਏਕਮ ਜੀ ਹੋਗੇ ਕਾਪੀ ਪੈੱਨ ਦੁਆਲੇ । ਅਤੇ ਸਭ ਤੋਂ ਪਹਿਲਾਂ ਉਹੀ ਕੀਤਾਂ ਜੋ ਉਹ ਬਚਪਣ ਚ' ਹਰੇਕ ਕਾਪੀ ਦੇ ਪਹਿਲੇ ਪੰਨੇ ਤੇ ਕਰਦਾ ਸੀ ! ਸੂਹੇ ਅਖਰਾਂ ਚ' ਨਾਮ ਲਿੱਖਣ ਲੱਗ ਪਿਆ । ਹਾਹਾਹਾ ਕਮਾਲ ਕਰਦਾ ਯਾਰ ਤੂੰ ਵੀ ਏਕਮ ਸਿਆਂ । ਬਸ ਫੇਰ ਦੋਵੇ ਹੱਥ ਜੋੜ ਇਹੀ ਕਿਹਾ ਕੀ *ਹੁਣ ਸਾਂਭ ਲਈ ਰੱਬਾ***

**ਬਸ ਇੰਨਾ ਕਹਿ ਏਕਮ ਨੇ ਖੋਲ ਲਿਆ ਕਾਪੀ ਦਾ ਪਹਿਲਾ ਪੰਨਾ !**

**ਅੱਗੇ ਹੁਣ ਏਕਮ ਹੀ ਦੇਖੋ ਕੀ ਲਿਖਦਾ ਮੇਰਾ ਵੀਰ**

**ਹਾਂਜੀ ਸਤਿ ਸ਼੍ਰੀ ਆਕਾਲ ਜੀ । ਮੈਂ ਏਕਮ ! ਹੁਣ ਏਕਮ ਇਹ ਸੋਚ ਰਿਹਾ ਸੀ ਕੀ ਇਹ ਸਾਲੀ ਫਿਲਮੀ ਜਿਹੀ ਜਿੰਦਗੀ ਨੂੰ ਕਾਪੀ ਦੇ ਪੰਨਿਆ ਤੇ ਕਿੱਦਾ ਨਚੋੜਿਆ ਜਾਏ । ਜੇ ਅੱਧ ਵਿਚਕਾਰੋਂ ਲਿਖਿਆ ਤਾਂ ਕਈਆਂ ਨੇ ਕਹਿਣਾ ਐਂਵੇ ਸਾਲਾ ਭਕਾਈ ਮਾਰਦਾ ।**

**ਖੈਰ ਇਹ ਸਭ ਸੋਚਦੇ - ਸੋਚਦੇ ਏਕਮ ਲਿੱਖਣ ਲੱਗਾ । ਲਉ ਪ੍ਧਾਨ ਹੁਣ ਪੜੀ ਚੱਲਿਉ**

**ਬਚਪਣ - ਲਉ ਵੀ ਮਿੱਤਰੋ ਆਪਣਾ ਜਨਮ ਮਿਤੀ 6 ਫਰਵਰੀ ਸਨ 2000 ਨੂੰ ਪੰਜਾਬ ਦੇ ਫਿਰੋਜ਼ਪੁਰ ਜਿਲੇ ਚ' ਹੋਇਆ । 6 ਫਰਵਰੀ ਰਾਤ 11 ਕੂ ਵਜੇ ਮਿੱਤਰਾ ਨੇ ਪਹਿਲੀ ਕਲਕਾਰੀ ਮਾਰੀ । ਅਤੇ ਦਿਨ ਚੜਨ ਤੋਂ ਪਹਿਲਾਂ - ਪਹਿਲਾਂ ਹੀ ਸਾਰੇ ਪਾਸੇ ਗੱਲ ਆਈਲਾਈਨਰ ਵਾਂਗੂੰ ਫੈਲ ਗਈ ਕੀ ਬੇਦੀਆਂ ਦੇ ਘਰ ਇਕ ਮੈਂਬਰ ਹੋਰ ਵੱਧ ਗਿਆ ਹੈ ।**

ਸਵੇਰ ਚੜਦੇ ਹੀ ਵਧਾਈ ਮੰਗਣ ਆਲੇ ਦਰਵਾਜੇ ਆ ਬੈਠੇ ਹੋਏ ਸੀ । ਦਾਦਾ ਆਪਣਾ ਵੀ ਦਰਿਆਈ ਦਿਲ ਦਾ ਜਿਹੜਾ ਆਵੇ ਖਾਲੀ ਨਾ ਮੁੱੜਣ ਦਿਆ ਕਰੇ । ਖੁਸ਼ੀ ਹੀ ਬੜੀ ਸੀ ਖੁਸ਼ੀ ਹੋਵੇ ਵੀ ਕਿਉਂ ਨਾ ਪੋਤਰਾ ਜੋ ਹੋਇਆ ਸੀ । ਸੁਣਿਆ ਗੁੜਤੀ ਮੈਨੂੰ ਨਰਸ ਨੇ ਹੀ ਦਿੱਤੀ ਸੀ ਸ਼ਾਇਦ ਸੋਹਣਾ ਬੜਾ ਸੀ ਮੈਂ ਤਾਂ ਹਾਹਾਹਾ । ਮੱਮੀ ਡੈਡੀ ਦੋਵੇ ਬਹੁਤ ਖੁਸ਼ ਸੀ ।

ਡੈਡੀ ਨੇ ਮੇਰਾ ਨਾਮ ਏਕਮਪਰੀਤ ਸਿੰਘ ਬੇਦੀ ਰੱਖਿਆ ਅਤੇ ਭਿੰਖੀਵਿੰਡ ਆਲੀ ਭੂਆ ਨੇ ਪਾਰਸ ਪਰ ਘਰ ਚ' ਸਾਰੇ ਪਾਰਸ ਕਹਿਕੇ ਹੀ ਬੁਲਾਉਂਦੇ ਸੀ

ਸਕੂਲ - ਫੇਰ ਮੈਨੂੰ ਸਕੂਲ ਲਾਉਣ ਦਾ ਵੇਲਾ ਆ ਗਿਆ । ਦੋ - ਢਾਈ ਸਾਲ ਦਾ ਸੀ ਮੈਂ ਜਦੋਂ ਮੇਰਾ ਦਾਖਲਾ ਨੇੜੇ ਦੇ ਸਕੂਲ ਚ' ਕਰਾ ਦਿੱਤਾ । ਉਸ ਟਾਈਮ ਮੇਰੇ ਖਿਆਲ ਪਲੇ-ਵੇਅ - ਪਲੇ-ਵੇਅ ਦਾ ਜਮਾਨਾ ਨਈ ਸੀ ! ਇਸ ਲਈ ਮੇਰੀ ਪੜ੍ਹਾਈ ਨਰਸਰੀ ਕਲਾਸ ਤੋਂ ਹੀ ਸ਼ੁਰੂ ਹੋਈ । ਨਰਸਰੀ ਤੋ ਲੈਕੇ ਦੁਸਰੀ ਕਲਾਸ ਤੱਕ ਮੈਂ ਆਪਣੀ ਪੋਜੀਸ਼ਨ ਟੁੱਟਨ ਨਈ ਸੀ ਦਿੱਤੀ । ਕਦੇ ਫਸ਼ਟ ਆਉਣ ਤੇ ਜਮੈਟਰੀ ਬਾਕਸ ਮਿਲਿਆ ਅਤੇ ਕਦੇ ਰੋਟੀ ਆਲਾ ਟੀਫਨ !

**ਪਰ ਹੁਣ ਇਹ ਸਭ ਚੀਜਾਂ ਨੋਰਮਲ ਜਿਹੀਆਂ ਲੱਗਦੀਆਂ ਨੇ ਪਰ ਉਦੋਂ ਆਹੀ ਚੀਜਾਂ ਨਾਲ ਬੜੀ ਖ਼ੂਸ਼ੀ ਜਿਹੀ ਮਿਲਦੀ ਸੀ ।**

**ਚੋਥੀ ਕਲਾਸ ਵਿਚ ਮੈਂ ਆਵਦਾ ਸਕੂਲ ਬਦਲ ਲਿਆ । ਸਕੂਲ ਬਦਲਦਿਆ ਹੀ ਮੈਨੂੰ ਇਕ ਨਵੀਂ ਗੱਲ ਪਤਾ ਲੱਗੀ ! ਕੀ ਫੇਅਰ ਕਾਪੀਆਂ ਨਾਮ ਦੀ ਵੀ ਕੋਈ ਸ਼ੈਅ ਹੁੰਦੀ ਹੈ । ਨਿੱਕੇ ਹੁੰਦੇ ਨੂੰ ਡੈਡੀ ਸਾਈਕਲ ਤੇ ਸਕੂਲ ਛੱਡਣ ਜਾਂਦੇ ਹੁੰਦੇ ਸੀ । ਮੈਨੂੰ ਮੇਰੀ ਇੰਚਾਰਜ ਬਲਜੀਤ ਮੈਡਮ ਕੋਲ ਟਿਊਸ਼ਨ ਲਾ ਦਿੱਤਾ ।**

**ਉੱਥੇ ਵੀ ਡੈਡੀ ਛੱਡਣ ਜਾਂਦੇ ਸੀ ਅਤੇ ਡੈਡੀ ਹੀ ਲੈਣ ਆਉਂਦੇ ਸੀ ਪਰ ਕਈ - ਕਈ ਵਾਰ ਮੈਂ ਆਵਦੇ ਬੇਲੀ ਗਗਨ ਨਾਲ ਘਰ ਆ ਜਾਂਦਾ ਸੀ ।**

**ਮੈਡਮ ਬਹੁਤ ਚੰਗੇ ਸੀ ਅਤੇ ਟਿਊਸ਼ਨ ਤੋ ਜੱਦ ਵੀ ਮੈਂ ਘਰ ਆਉਣ ਲੱਗਦਾ ਤਾਂ ਨਿੱਤ ਕਹਿੰਦੇ ਸੀ ਸਵੇਰੇ 5 ਵੱਜੇ ਉਠਿਆ ਕਰ। ਅਤੇ ਮੈਨੂੰ ਹੁਣ ਤੱਕ ਏਦਾ ਹੀ ਲੱਗਿਆ ਕੀ ਮੈਂ ਉਹਨਾ ਦਾ ਕਹਿਣਾ ਹਲੇ ਤਾਂਈ ਮੰਨਦਾ ਆ ਰਿਹਾ ਅਤੇ ਹੁਣ ਵੀ ਪੰਜ ਸਵਾ ਪੰਜ ਉੱਠ ਹੀ ਪੈਨਾ । ਜਾਂ ਪਤਾ ਨਈ ਜ਼ਿੰਮੇਵਾਰੀਆਂ ਆਪੇ ਉੱਠਾ ਦਿੰਦੀਆਂ ।**

ਚੋਥੀ ਕਲਾਸ ਚ' ਮੇਰੀ ਪੋਜੀਸ਼ਨ ਤਾਂ ਕੋਈ ਨਈ ਆਈ ਪਰ ਮੈਂ ਚੰਗੇ ਨੰਬਰਾਂ ਨਾਲ ਪਾਸ ਹੋ ਗਿਆ । ਫੇਰ ਸਾਡੇ ਘਰ ਇਕ ਨਵਾਂ ਮੈਂਬਰ ਆਇਆ ਮੇਰੀ ਛੋਟੀ ਭੈਣ । ਭੈਣ ਉਦੋ ਬਹੁਤ ਛੋਟੀ ਸੀ ਜਦੋਂ ਮੈ ਤੀਜੀ ਚੋਥੀ ਕਲਾਸ ਪਾਸ ਕਰ ਚੁੱਕਾ ਸੀ । ਸੱਤਵੀ ਕਲਾਸ ਚ' ਨਾ ਚਾਹੁੰਦੇ ਹੋਏ ਵੀ ਮੈਨੂੰ ਸਕੂਲ ਡੈਡੀ ਦੇ ਕਹਿਣ ਤੇ ਬਦਲਨਾ ਪਿਆ । ਡੈਡੀ ਨੇ ਆਵਦੇ ਖਾਸ ਸੱਜਣ ਮਿੱਤਰ ਦੇ ਮੁੰਡੇ ਨਾਲ ਮੈਨੂੰ ਪੜ੍ਹਨੇ ਪਾ ਦਿੱਤਾ ਚਲੋ ਮੈਂ ਕਿਹਾ ਪੜ੍ਹਨਾ ਹੀ ਹੈ

ਇਥੇ ਨਈ ਤੇ ਉੱਥੇ ਸਹੀ ਆਪਾ ਚੁੱਪ - ਚਾਪ ਡੈਡੀ ਦਾ ਕਹਿਣਾ ਮੰਨਕੇ ਅਮਨ ਦੇ ਨਾਲ ਸਕੂਲ ਦਾਖਲਾ ਕਰਾਲਿਆ । ਪਰ ਮੇਰਾ ਅਤੇ ਅਮਨ ਦਾ ਸ਼ੈਕਸ਼ਨ ਅਲੱਗ - ਅਲੱਗ ਸੀ । ਇਸ ਲਈ ਸਾਡੀ ਦੋਸਤੀ ਚ' ਬਾਹਲੀ ਸਾਂਝ ਜਿਹੀ ਨਈ ਪਈ ਤੇ ਮੈਂ ਮੁੱੜ ਉਹੀ ਸਕੂਲ ਵਾਪਸ ਆ ਗਿਆ ਜਿੱਥੋਂ ਹੱਟਕੇ ਗਿਆ ਸੀ ।

ਮੈਂ ਪੜ੍ਹਾਈ ਚ' ਹੁਸ਼ਿਆਰ ਸੀ । ਪਰ ਹੁਣ ਹੁਸ਼ਿਆਰ ਘੱਟ ਮੈਂ ਸ਼ਰਾਰਤੀ ਜਿਆਦਾ ਹੋ ਗਿਆ ਸੀ ਅਤੇ ਗੱਲਾਂ ਦਾ ਗਾਲੜੀ ਵੀ । ਮੈ ਕਲਾਸ ਚ' ਸਾਰਾ ਦਿਨ ਕਿਸੇ ਨਾ ਕਿਸੇ ਨਾਲ ਮਿਲਕੇ ਗੱਲਾਂ ਦਾ ਕੜਾਹ ਬਣਾਈ ਜਾਇਆ ਕਰਨਾ ।

ਇਸ ਕਰਕੇ ਮੈਨੂੰ ਮੈਡਮਾਂ ਜਿਆਦਾਤਰ ਇੱਕਲੇ ਨੂੰ ਬੈਂਚ ਤੇ ਬਠਾਉਂਦੀਆਂ ਸੀ ਜਿਹੜਾ ਕੀ ਕੁੜੀਆਂ ਆਲੀ ਲਾਈਨ ਚੋਂ ਸਭ ਤੋਂ ਪਿੱਛੇ ਲੱਗਾ ਹੁੰਦਾ ਸੀ । ਅਮਨ ਕਮਲ ਸੰਦੀਪ ਅਤੇ ਜਸਲੀਨ ਸਾਡੀ ਕਲਾਸ ਚ' ਆਹੀ ਦੋ - ਚਾਰ ਕੁੜੀਆਂ ਸੀ ।

ਆਪਸ ਚ ਭਾਂਵੇ ਉਹ ਇਕ ਦੂਸਰੀ ਨਾਲ ਘੱਟ ਹੀ ਬੋਲਦੀਆਂ ਸੀ । ਪਰ ਮੇਰੀਆਂ ਉਹ ਸਾਰੀਆਂ ਵਧੀਆ ਦੋਸਤ ਸੀ । <u>ਸਿਰਫ ਦੋਸਤ !</u> ਮੈਂ ਉਹਨਾ ਨਾਲ ਕਦੇ ਪਰਚੀਆਂ ਜਿਹੀਆਂ ਬਣਾਕੇ ਰਾਜਾ ਵਜ਼ੀਰ ਖੇਡੀ ਜਾਇਆ ਕਰਾਂ ਤੇ ਕਦੇ ਜੀਰੋ ਕਾਂਟਾਂ ਹਾਹਾਹਾ ਨਜਾਰੇ ਸੀ ਯਾਰ । ਭਾਂਵੇ ਅੱਠ ਕਲਾਸਾਂ ਬੀਤ ਗਈਆਂ ਸਨ !

ਪਰ ਮੇਰੀ ਹਿੰਦੀ ਦੇ ਵਿਸ਼ੇ ਨਾਲ ਅਤੇ ਹਿੰਦੀ ਦਾ ਵਿਸ਼ਾ ਪੜ੍ਹਾਉਣ ਆਲੇ ਮੈਡਮ ਨਾਲ ਨਹੀ ਸੀ ਬਣੀ । ਪੰਜਵਾ ਪੀਰੀਅਡ ਸਾਡਾ ਹਿੰਦੀ ਦਾ ਹੁੰਦਾ ਸੀ ! ਹਿੰਦੀ ਮੈਨੂੰ ਸਭ ਤੋਂ ਔਖੀ ਲੱਗਦੀ ਸੀ । ਇਸ ਕਰਕੇ ਮੈਂ ਹਿੰਦੀ ਦਾ ਕੰਮ ਘੱਟ ਹੀ ਯਾਦ ਕਰਦਾ ਸੀ ! ਅਤੇ ਜਿੰਨਾ ਨੇ ਕੰਮ ਸਣਾਉਣਾ ਹੁੰਦਾ ਸੀ ਉਹ ਬੱਚੇਂ ਆਪਣੀਆਂ ਸੀਟਾਂ ਤੇ ਬੈਠੇ ਰਹਿੰਦੇ ਸੀ ਅਤੇ ਬਾਕੀਆਂ ਨੂੰ ਬਾਂਹਾਂ ਉੱਤੇ ਕਰਕੇ ਬੈਂਚਾਂ ਦੇ ਉੱਪਰ ਖਲੋਣ ਦੀ ਸਜਾ ਦਿੱਤੀ ਜਾਂਦੀ ਸੀ। ਅਤੇ ਕਈ - ਕਈ ਵਾਰ ਹਿੰਦੀ ਆਲੇ ਮੈਡਮ ਡੰਡਾਂ ਕਾਇਮ ਵੀ ਰੱਖਦੇ ਸੀ !

ਫਿਰ ਮੈਂ ਸੋਚਿਆ ਜਿਹੜੇ ਤਾਂ ਮੈਡਮ ਕੋਲ ਟਿਊਸ਼ਨ ਪੜਦੇ ਨੇ ਉਹਨਾ ਨੂੰ ਤਾਂ ਮੈਡਮ ਕੁੱਝ ਵੀ ਨਈ ਕਹਿੰਦੇ ਹਨਾ...? ਤੇ ਮੈਂ ਵੀ ਫਿਰ ਲਾਇਆ ਦਿਮਾਗ ਉਹੀ ਮੈਡਮ ਕੋਲ ਆਪਾਂ ਟਿਊਸ਼ਨ ਰੱਖ ਲਈ ! ਫੇਰ ਮੈਂ ਮੈਡਮ ਦੇ ਡੰਡਿਆਂ ਤੋਂ ਵੀ ਬਚਿਆ ਰਿਹਾ ਅਤੇ ਹਿੰਦੀ ਦੇ ਵਿਸ਼ੇ ਨਾਲ ਵੀ ਥੋੜੀ - ਥੋੜੀ ਮਿੱਤਰਤਾ ਹੋਣ ਲੱਗੀ ।

ਨੋਵੀਂ ਤੇ ਦਸਵੀਂ ਕਲਾਸ ਇਕੋ ਕਮਰੇ ਵਿਚ ਇੱਕਠੇ ਹੀ ਬੈਠਦੇ ਸੀ । ਦੱਸਵੀ ਕਲਾਸ ਚੋਂ ਮੇਰਾ ਇਕ ਮਿੱਤਰ ਬਣਿਆ ਅਮਨਜੋਤ ।

ਅਸੀ ਜਿਆਦਾ ਤਰ ਮਗਰਲੇ ਬੈਂਚਾਂ ਤੇ ਇੱਕਠੇ ਹੀ ਬੈਠਿਆ ਕਰਨਾ ਤੇ ਗੱਲਾ ਮਾਰੀ ਜਾਇਆ ਕਰਨੀਆਂ । ਜ਼ੂ ਲੱਗਣਾ ਗੱਲਾ ਮੁੱਕਣ ਦਾ ਨਾ ਹੀ ਨਾ ਲੈਣ ਕਰਨ । ਭਾਂਵੇ ਸਾਨੂੰ ਮਿਲੇ ਨੂੰ ਕਾਫੀ ਟਾਈਮ ਹੋਗਿਆ ਪਰ ਅੱਜ ਵੀ ਵੱਟਸੈਪ ਜਾਂ ਫੋਨ ਤੇ ਵਧੀਆ ਗੱਲਬਾਤ ਹੁੰਦੀ ਰਹਿੰਦੀ ਹੈ ।  ਸਮਾਜਿਕ ਸਿੱਖਿਆ ਦਾ ਕੰਮ ਉ ਹੋ ਇਹਦੇ ਚ ਤਾਂ ਯਾਰ ਮੇਰੇ ਪੈਦਾ ਹੋਣ ਤੋਂ ਵੀ ਪਹਿਲਾਂ ਦੀਆਂ ਗੱਲਾ ਲਿਖੀਆਂ ਹੋਈਆਂ ਸੀ ਉਤੋਂ *ਬਾਬਰ ਔਰੰਗਜੇਬ* *ਜਹਾਂਗੀਰ ਅਕਬਰ* ਇਹਨਾ ਦੀਆਂ ਜਨਮ - ਮਰਨ ਦੀਆਂ ਤਰੀਕਾਂ ਤਾਂ ਮੈਨੂੰ ਹਲੇ ਤੱਕ ਵੀ ਨੀ ਯਾਦ ਹੋਈਆਂ ਇਹ ਵਿਸ਼ਾ ਮੈਨੂੰ ਬਾਕੀ ਸਾਰੇ ਵਿਸ਼ਿਆਂ ਤੋਂ ਵੀ ਜਿਆਦਾ ਔਖਾ ਲੱਗਦਾ ਸੀ

**ਕਿਉਂਕੀ ਇਕ - ਇਕ ਪੇਜ਼ ਦਾ ਪ੍ਸ਼ਨ ਯਾਰ ਯਾਦ ਕਿਹੜਾ ਕਰੇ । ਪਰ ਸਮਾਜਿਕ ਦਾ ਕੰਮ ਸੁਣਾਉਣ ਲਈ ਮਨਰੂਪ ਸਭ ਤੋਂ ਪਹਿਲਾਂ ਖੜੀ ਹੁੰਦੀ ਸੀ । ਅਤੇ ਮੈਡਮ ਉਹਨੂੰ ਵਾਹਵਾ ਹੁਸ਼ਿਆਰ ਸਮਝਦੇ ਸੀ । ਸਮਾਜਿਕ ਆਲੇ ਮੈਡਮ ਦੀ ਇਕ ਗੱਲ ਬਹੁਤ ਵਧੀਆ ਲੱਗਦੀ ਸੀ ਮੈਨੂੰ**

**ਜਦੋਂ ਮਨਰੂਪ ਆਵਦਾ ਕੰਮ ਸੁਣਾ ਦਿਆ ਕਰੇ ਅਤੇ ਮੈਡਮ ਨੇ ਉਹਨੂੰ ਕਹਿ ਦੇਣਾ ਚੱਲ ਬਾਕੀਆਂ ਕੋਲੋ ਤੂੰ ਸੁਣਲਾ ਅਤੇ ਮੈਂ ਉਹ ਵਿਚਾਰੀ ਨੂੰ ਕੰਮ ਸੁਣਾਉਣ ਦੀ ਬਜਾਏ ਉਹਦੇ ਨਾਲ ਗੱਲਾਂ ਗੁੱਲਾਂ ਕਰਕੇ ਹੀ ਆਪਣੀ ਸੀਟ ਤੇ ਬੈਠ ਜਾਇਆਂ ਕਰਾਂ । ਹਾਹਾਹਾ**

**ਪਰ ਕਈ ਵਾਰੀ ਤਾਂ ਉਹ ਪਹਿਲਾਂ ਹੀ ਕਹਿ ਦਿੰਦੀ ਸੀ ਜੇ ਤਾਂ ਪੂਰਾ ਕੰਮ ਯਾਦ ਆ ਤੈਨੂੰ..? ਤਾਂ ਹੀ ਸੁਣਾਈ ਮੈਨੂੰ ! ਜੇ ਮੇਰੇ ਤੋਂ ਬਾਅਦ ਇਹੇ ਪ੍ਸ਼ਨ ਮੈਡਮ ਨੇ ਤੇਰੇ ਤੋਂ ਸੁਣਲੇ ਆਪ ਤਾਂ ਤੂੰ ਛਿੱਤਰ ਖਾਣੇ ਹੀ ਖਾਣੇ ਨਾਲੇ ਮੇਰੀ ਵੀ ਗੁੱਤ ਪਟਾਏਂਗਾ ।**

**ਵੈਸੇ ਯਾਰ ਮਨਰੂਪ ਦਾ ਜਿੱਕਰ ਤਾਂ ਤੁਹਾਡੇ ਸਭ ਸਾਹਮਣੇ ਖੁੱਲਕੇ ਕਰਨਾ ਬਣਦਾ !**

**ਚਲੋ ਆਜੋ ! ਦੱਸਦਾਂ**

**ਮਨਰੂਪ ਮੇਰੀ ਜੂਨੀਅਰ ਸੀ ਜੇ ਸੋਖੇ ਸ਼ਬਦਾਂ ਚ' ਦਸਾਂ ਤਾਂ ਏਦਾ ਕਹਿਲੋ ਕਿ ਮੇਰੇ ਤੋਂ ਇਕ ਜਮਾਤ ਪਿੱਛੇ । ਜਿਵੇਂ ਮੈ ਦੱਸਵੀਂ ਚ' ਅਤੇ ਉਹ ਨੌਂਵੀ ! ਜਿਵੇਂ ਕਿ ਮੈ ਤੁਹਾਨੂੰ ਪਹਿਲਾਂ ਦਸਿਆ ਕੀ ਸਾਡੇ ਸਕੂਲ ਨੌਂਵੀ ਅਤੇ ਦੱਸਵੀਂ ਦੋਨੋ ਕਲਾਸਾਂ ਇਕੋ ਕਮਰੇ ਚ' ਬੈਠਦੀਆਂ ਸਨ । ਅਪ੍ਰੈਲ ਮਹੀਨਾ ! ਦਸਵੀਂ ਜਮਾਤ ਚ ਪਹਿਲਾ ਦਿਨ ਅਤੇ ਕਲਾਸ ਵਿਚ ਅਸੀ ਸਿਰਫ ਤਿੰਨ ਜਿਨੇ**

**ਮੈਂ ਸ਼ਿਵਰਾਜ ਅਤੇ ਗਗਨ ਬਾਕੀਆਂ ਨੇ ਹਲੇ ਦਾਖਲਾ ਹੀ ਨਈ ਸੀ ਕਰਵਾਇਆ । ਕੁੱਝ ਦਿਨਾਂ ਬਆਦ ਸਾਰੇ ਆਉਣੇ ਸ਼ੁਰੂ ਹੋਗੇ ਸਚਿਨ , ਸੰਜੂ , ਗੁਰਵਿੰਦਰ ਅਤੇ ਗੁਲਸ਼ਨ । ਇੱਧਰ ਨੌਂਵੀ ਕਲਾਸ ਚ' ਮੁੰਡੇ ਘੱਟ ਤੇ ਕੁੜੀਆਂ ਜਿਆਦਾ । ਮੁੰਡੇ ਹੋਏ ਵੀ ਤੇ ਸਾਰੀ ਕਲਾਸ ਚ ਤਿੰਨ - ਚਾਰ ਹੋਣੇ ! ਰਾਹੁਲ ਸੋਨੂੰ ਰੋਹਿਤ ਸਾਹਿਲ ਬਾਕੀ ਇਕ ਦੋ ਹੋਰ ਹੋਣੇ ਉਹ ਪਤੰਦਰ ਛੁੱਟੀਆਂ ਬੜੀਆਂ ਕਰਦੇ ਸੀ ਤਾਂ ਉਹਨਾ ਦੇ ਨਾਮ ਯਾਦ ਨਈ ਆ ਰਹੇ ਹੁਣ ਹਾਹਾਹਾ।**

**ਬਸ ਫੇਰ ਲੰਘਣ ਲੱਗੇ ਦਿਨ ਹਾਸੀਆਂ ਖੇਡੀਆਂ ਚ'**

**ਤੇ ਇੱਧਰੋ ਗੱਗੀ ( ਗਗਨ ) ਅਤੇ ਪੁਸ਼ਕਰ ਪੰਜਾਬੀ ਆਲੀ ਮੈਡਮ ਦੀ ਭਤੀਜੀ ਕਮਲ ਪਿਛੇ ਸੈਂਟੀ ਹੋਏ ਫਿਰਨ ! ਤੇ ਮੈਨੂੰ ਵੀ ਪੈਂਦਾ ਹੀ ਰਹਿੰਦਾ ਸੀ ਮਨਰੂਪ ਵਿਚੋਂ ਮਾੜਾ ਮਾੜਾ ਮਾਹੀ ਸ਼ਰਮਾ ਦਾ ਭੁਲੇਖਾ !**

**ਉਹਦੀਆਂ ਚਿੱਟੇ ਰੱਸਗੁਲੇ ਵਰਗੀਆਂ ਪੋਲੀਆਂ - ਪੋਲੀਆਂ ਗੱਲ੍ਹਾਂ ! ਬਾਂਟੇਂ ਵਰਗੀਆਂ ਉਹਦੀਆਂ ਮੋਟੀਆ - ਮੋਟੀਆਂ ਅੱਖਾਂ ਅਤੇ 5 - 7 ਕਲਿੱਪ ਲਾਕੇ ਗੁੰਦੀ ਉਹਦੀ ਖੰਜ਼ੂਰੀ ਗੁੱਤ ਤਾਂ ਮੈਨੂੰ ਹਜੇ ਤੱਕ ਵੀ ਨਹੀ ਭੁੱਲੀ । ਬੜੀ ਸੋਹਣੀ ਸੀ ਯਾਰ**

**ਉਹਨੂੰ ਦੂਰੋਂ ਆਉਂਦੀ ਦੇਖ ਮੈਨੂੰ ਚਾਅ ਏਨਾ ਚੜ੍ਹਨਾ ! ਜਿੰਨਾ ਭਤੀਜਿਆਂ ਨੂੰ ਚਾਚੇ ਦੇ ਵਿਆਹ ਦਾ ਹੁੰਦਾ !**

**ਪਰ ਇਹ ਸਭ ਗੱਲਾਂ ਮੈਂ ਉਹਨੂੰ ਕਦੇ ਵੀ ਨਹੀ ਦੱਸੀਆਂ ! ਕਿਉਂਕੀ ਮੈਂ ਉਸ ਟਾਇਮ ਆਪਣੇ ਅੰਦਰ ਬੈਠੀ ਸੰਗ ਦਾ ਕੀ ਹੱਲ ਕਰਦਾ ਇਹ ਮੈਨੂੰ ਵੀ ਨਈ ਸੀ ਸਮਝ ! ਇਕ ਮੈਂ ਸੰਗਦਾ ਬੜਾ ਸੀ ਅਤੇ ਦੁੱਜਾ ਸੋਚਦਾ ਬੜਾ ਸੀ । ਮੈਨੂੰ ਯਾਦ ਆ ਗਿਆਰਵੀਂ ਜਮਾਤ ਚ' ਪੜਦੇ ਟਾਇਮ ਜਦੋਂ ਇਹ ਸਾਰੀ ਗੱਲ ਮੈਂ ਆਵਦੇ ਨਾਲਦੇ ਸੱਜਣ ਅਵਤਾਰ ਨੂੰ ਸੁਣਾਈ ਉਹਨੇ ਵੀ ਅੱਗਿਓ ਏਹੀ ਕਿਹਾ ਸੀ ਕੀ ਤੂੰ ਪਤੰਦਰਾ ( OverThinker ) ਹੈਂ ! ਮਤਲਬ ਬਾਹਲਾ ਜਿਆਦਾ ਸੋਚਣ ਆਲਾ !**

**ਕਹਿੰਦਾ ਯਾਰ ਮੈਨੂੰ ਤੇਰੀ ਸਮਝ ਨਈ ਆਉਂਦੀ ਏਨਾ ਪਿਆਰ ਅੰਦਰ ਸਾਂਭੀ ਕਿਵੇਂ ਫਿਰਦਾਂ....?**

**ਅੱਠਵੀਂ ਕਲਾਸ ਦੀ ਗੱਲ ਹੋਊਗੀ ਮੈਂ ਸ਼ਿਵਰਾਜ ਅਤੇ ਗਗਨ ਤਿੰਨੋਂ ਟਿਊਸ਼ਨ ਜਾਈ ਜਾਈਏ ! ਭਾਂਵੇ ਸਰਦੀਆਂ ਦੇ ਦਿਨ ਸੀ ਪਰ ਦੁਪਿਹਰੇ ਗਰਮੀ ਹੋ ਜਾਣ ਕਰਕੇ ਮੈਂ ਸਕੂਲ ਵਾਲੀ ਕੋਟੀ ਲਾਹਕੇ ਲੱਕ ਨਾਲ ਬੰਨ ਲਈ**

**ਕਿਉਂਕੀ ਅਸੀ ਟਿਊਸ਼ਨ ਸਕੂਲ ਤੋਂ ਸਿੱਧਾ ਹੀ ਜਾਂਦੇ ਹੁੰਦੇ ਸੀ । ਟਿਊਸ਼ਨ ਪਹੁੰਚਕੇ ਜਦੋਂ ਮੈ ਆਪਣੀ ਸ਼ਰਟ ਦੇ ਕੱਫਾਂ ਨੂੰ ਦੋਨਾ ਪਾਸਿਉਂ ਮੋੜਿਆ ਤੇ ਨਾਲ ਬੈਠੇ ਸ਼ਮਸ਼ੇਰ ਨੂੰ ਮੇਰੀ ਖੱਬੀ ਬਾਂਹ ਉੱਤੇ ਕਾਲੇ ਸਕੈੱਚ ਨਾਲ *M* ਖੁਨਿਆ ਦਿੱਖ ਗਿਆ ਪਤੰਦਰ ਦੇ ਗੱਲ ਢਿੱਡ ਚ' ਇਕ ਮਿੰਟ ਵੀ ਨਹੀ ਪਚੀ ਤੇ ਉਹਨੇ ਸਾਰੀ ਟਿਊਸ਼ਨ ਤੇ ਰੋਲਾ ਪਾਤਾ । ਗੱਗੀ ਤੇ ਸ਼ਿਵਰਾਜ ਇਹ ਸਾਲੇ ਅਲੱਗ ਮਖੋਲ ਕਰਦੇ ਫਿਰਨ ਕੀ ਉਸਤਾਦ ਏਨਾ ਪਿਆਰ ਮਨਰੂਪ ਨਾਲ...?**

**ਮੈਂ ਕਿਹਾ ਨਈ ਉਏ ਪਤੰਦਰੋ ਇਹ ਤਾਂ ਮੈਂ ਕੱਲ ਰਾਤ *ਮਾਸਟਰ ਸ਼ੈਫ ਆਫ਼ ਇੰਡੀਆਂ* ਦਾ ਲੋਗੋ ਬਣਾ ਰਿਹਾ ਸੀ ! ਉਹ ਮੇਰੇ ਖਿਆਲ ਸਹੀ ਬਣਿਆ ਨਈ ਤਾਂਹੀ ਕੱਲਾ *M* ਹੀ ਲਿਖਿਆ ਰਹਿ ਗਿਆ । ਗੱਲ ਕਦੋਂ ਕਿੱਥੇਂ ਤੇ ਕਿਵੇਂ ਘੁੰਮਾਉਣੀ ਇਹ ਵੀ ਭਲਾਂ ਕੋਈ ਮੇਰੇ ਤੋਂ ਸਿੱਖੇ ਹਾਹਾਹਾ**

**ਖੈਰ ਦਸੰਬਰ ਮਹੀਨਾ ਚੜ੍ਹਦੇ ਸਾਰ ਸਾਡੇ ਦਸਵੀਂ ਜਮਾਤ ਦੇ ਕੱਚੇ ਪੇਪਰ ਹੋਣੇ ਸ਼ੁਰੂ ਹੋ ਗਏ ! ਇਸ ਵਾਰ ਪੇਪਰਾਂ ਦਾ ਨਤੀਜਾ ਇਹ ਨਿਕਲਿਆ ਕੀ ਮੈਂ ਇਸ ਵਾਰ ਫੇਲ ਹੁੰਦੇ - ਹੁੰਦੇ ਬਚਿਆ । ਮੇਰੇ 450 ਵਿਚੋਂ ਸਿਰਫ 226 ਨੰਬਰ ਹੀ ਆਏ !**

**ਸੱਚੀ ਕਹਿੰਦਾ ਯਾਰ ਰਣਜੀਤ ਬਾਵਾ ਬਾਈ ਵੀ**

***ਪੋਹ ਦੇ ਮਹੀਨੇ ਨਈ ਪਾਣੀ ਚ' ਤਰੀਦਾ***

***ਤੇ ਪੇਪਰਾਂ ਦੇ ਟਾਇਮ ਨੀ ਇਸ਼ਕ ਕਰੀਦਾ***

**ਰਿਪੋਰਟ ਕਾਰਡ ਤੇ 226 ਨੰਬਰ ਆਏ ਦੇਖ ਜਸਦੀਪ ਮੈਡਮ ਨੇ ਵੀ ਕਰਤੀ ਮੈਨੂੰ ਨਿੱਕੀ ਜਹੀ ਟਿੱਚਰ *ਕੀ ਹੋਰ ਕਰ ਮਨਰੂਪ ਦੇ ਨਾਮ ਦਾ ਜਾਪ***

**ਭਾਂਵੇ ਅੱਜ ਦੱਸਵੀ ਜਮਾਤ ਪਾਸ ਹੋਏ ਨੂੰ ਸੱਤ ਸਾਲ ਹੋ ਗਏ ਨੇ ਪਰ ਹਜੇ ਤੱਕ ਵੀ ਮੈਨੂੰ ਨਾ ਮਨਰੂਪ ਭੁੱਲੀ ! ਨਾ ਹੀ ਐੱਸ. ਡੀ. ਐਮ. ਸਕੂਲ ਵਰਗੀ ਮੋਜ !**

**ਦਸਵੀਂ ਪਾਸ ਕਰਦਿਆਂ ਹੀ ਮੈਂ ਪੜ੍ਹਾਈ ਵਲੋਂ ਇਕ ਵਾਰ ਤਾਂ ਮੂੰਹ ਮੋੜ ਲਿਆ ! ਉਹਦਾ ਕਾਰਨ ਸੀ ਬਾਪੂ ਉੱਤੇ ਦੱਸ - ਬਾਰਾਂ ਬੰਦਿਆਂ ਵਲੋਂ ਕੀਤਾ ਗਿਆ ਹਮਲਾ !**

**ਬਾਪੂ ਪਿਛਲੇ ਦੱਸ - ਪੰਦਰਾ ਸਾਲਾਂ ਤੋਂ ਮਾਰਕਫੇਡ ਗੋਦਾਮਾ ਵਿਚ ਰਾਤ ਦੀ ਡਿਊਟੀ ਕਰਦਾ ਸੀ ! ਤਨਖਾਹ ਕਦੇ ਆਗੀ ਕਦੇ ਨਾ ਆਈ ਬੜੀ ਤੰਗੀ ਰਹਿਣੀ ਕਰਨੀ ਪੈਸੇ ਧੇਲੇ ਦੀ । ਸਰਦੀਆਂ ਦੇ ਦਿਨ ਤਕਰੀਬਨ ਸਾਢੇ ਕੂ ਅੱਠ ਵਜੇ ਬਾਪੂ ਆਵਦੀ ਡਿਊਟੀ ਜਾ ਰਿਹਾ ਸੀ ਕੀ ਗੋਦਾਮ ਤੋਂ ਕਿਲੋ ਕੂ ਮੀਟਰ ਪਹਿਲਾਂ ਬਾਪੂ ਨੂੰ ਕੁੱਝ ਨਸ਼ੇੜੀਆਂ ਨੇ ਘੇਰ ਲਿਆ ! ਅਤੇ ਹੱਥੋ ਪਾਈ ਹੋਣ ਲੱਗੇ ਬਾਪੂ ਦਾ ਸਾਇਕਲ ਮੋਬਾਇਲ ਤੇ ਕੁੱਝ ਪੈਸੇ ਸੀ ਉਹਵੀ ਸਾਲੇ ਲੈ ਗਏ । ਸ਼ੁਕਰ ਬੱਸ ਇਸ ਗੱਲ ਦਾ ਸੀ ਕੀ ਬਾਪੂ ਨੂੰ ਉਹਨਾ ਨੇ ਕੋਈ ਜਾਨੀ ਨੁਕਸਾਨ ਨਈ ਸੀ ਪਹੁੰਚਾਇਆ ! ਨਈ ਤਾਂ ਹੋਣ ਨੂੰ ਤਾਂ ਉਸ ਰਾਤ ਕੁੱਝ ਵੀ ਹੋ ਸਕਦਾ ਸੀ ।**

**ਮੇਰੀ ਮਾਂ ਦਾ ਰੋ-ਰੋ ਬੁਰਾ ਹਾਲ ਅਤੇ ਕਹੀ ਜਾਵੇ ਰੱਬ ਨੇ ਦੇਣਾ ਤਾਂ ਕੀ ਆ ਹੋਰ *ਸਗੋਂ ਜੋ ਹੈ ਉਹਵੀ ਖੋਈ ਜਾਂਦਾਂ***

**ਮੈਂ ਇਹ ਸਭ ਦੇਖਦਿਆਂ ਇਹ ਸੋਚਿਆ ਕੀ ਪਤਾ..? ਮੈਨੂੰ ਵੀ ਪੜ੍ਹ ਲਿੱਖ ਚੰਗੀ ਨੋਕਰੀ ਮਿਲਣੀ ਕੇ ਨਈ ਮਿਲਣੀ ਕਿਉਂ ਨਾਂ ਮੈਂ ਪੜਾਈ ਛੱਡ ਕੋਈ ਕੰਮ - ਕਾਰ ਲੱਭਾਂ !**

**ਨਾਲੇ ਚਾਰ ਪੈਸੇ ਆਇਆ ਕਰੂ ਪਰ ਜਿਵੇਂ ਹਰੇਕ ਮਾਂ ਨੂੰ ਹੁੰਦਾ ਕੀ ਮੇਰਾ ਜੁਆਕ ਪੜ੍ਹ ਲਿੱਖਕੇ ਕੁੱਝ ਬਣੇ ਉਦਾਂ ਹੀ ਮੇਰੀ ਮਾਂ ਦਾ ਵੀ ਏਹੀ ਸੁਪਨਾ ਸੀ ਮੇਰਾ ਮੁੰਡਾ ਪੜ੍ਹ ਲਿਖਕੇ ਕੋਈ ਚੰਗੀ ਨੋਕਰੀ ਲੱਗੇ !**

**ਬਾਪੂ ਨੇ ਵੀ ਮੈਨੂੰ ਹੋਂਸਲਾ ਦੇਂਦੇ ਕਿਹਾ ਕੀ ਕੁੱਝ ਨਈ ਹੋਇਆ ਮੈਨੂੰ ਹਲੇ ਮੈਂ ਜਿਉਂਦਾ ਤੂੰ ਬਸ ਪੜਾਈ ਵੱਲ ਧਿਆਨ ਦੇ ਡੈਡੀ ਮੱਮੀ ਅਤੇ ਸਚਿਨ ਨੇ ਮੇਰੇ ਤੇ ਜੋਰ ਪਾ - ਪਾ ਮੇਰਾ ਗਿਆਰਵੀਂ ਕਲਾਸ ਦਾ ਦਾਖਲਾ ਐੱਸ - ਡੀ  ਸਕੂਲ ਕਰਵਾ ਦਿੱਤਾ**

**ਨੌਂਵੀਂ ਦੱਸਵੀ ਤੱਕ ਸਭ ਨੂੰ ਸ਼ਰਾਰਤੀ ਜਿਹਾ ਦਿਖਣ ਵਾਲੇ ਏਕਮ ਚੋਂ ਹੁਣ ਸਿਆਣਪਤਾ ਨਜ਼ਰ ਆ ਰਹੀ ਸੀ ! ਉ ਹੋ ਸਚਿਨ ਬਾਰੇ ਤਾਂ ਦੱਸਣਾ ਰਹਿ ਹੀ ਗਿਆ ! ਸਚਿਨ ਮੇਰਾ ਪੁਰਾਣਾ ਦੋਸਤ ਅਸੀ ਪੰਜਵੀ ਛੇਂਵੀ ਤੋਂ ਲੈਕੇ ਬਾਂਰਵੀ ਜਮਾਤ ਤੱਕ ਇਕੱਠੇ ਹੀ ਪੜ੍ਹੇ**

**ਜਮਾਂ ਈ ਭਗਤ ਬੰਦਾ ਵਿਚਾਰਾ ਉਹਨੇ ਸਿਰ ਸੁੱਟਕੇ ਹਮੇਸ਼ਾ ਪੜ੍ਹੀ ਜਾਣਾ ! ਉਹਦੇ ਕਰਕੇ ਕਲਾਸ ਚ' ਮੈਨੂੰ ਵੀ ਮੈਡਮਾਂ ਨੇ ਕਿਹਾ ਕਰਨਾ ਤੂੰ ਵੀ ਪੜ੍ਹਣ ਲਿੱਖਣ ਆਲਾ ਲੱਗਦਾ ਏਂ ਇਹਦੇ ਨਾਲ ਪਹਿਲੇ ਡੈਸਕ ਤੇ ਬੈਠਿਆ ਕਰ ਅਤੇ ਪੜਿਆ ਕਰ !**

ਲਓ ਜੀ ਜਾਂ ਤਾਂ ਅੰਗ੍ਰੇਜ਼ੀ ਆਲੇ ਬਲਵਿੰਦਰ ਸਰ ਦੇ ਬੁੱਡਿਆਂ ਦਾ ਡਰ ਕਹਿਲੋ ਜਾਂ ਤਾਂ ਫਿਰ ਸਚਿਨ ਦੀ ਸੰਗਤੀ ਆਪਾਂ ਹੁਣ ਮਨ ਮਾਰਕੇ ਪੜ੍ਹਨਾਂ ਸ਼ੁਰੂ ਕਰਤਾ !

ਹੁਣ ਹਿਸਟਰੀ ਦੇ ਵੱਡੇ - ਵੱਡੇ ਪ੍ਰਸ਼ਨ ਉੱਤਰ ਵੀ ਯਾਦ ਹੋਣ ਲੱਗੇ ਅਤੇ ਸ਼ਾਕਸ਼ੀ ਮੈਡਮ ਦੇ ਲਿਖਤੀ ਟੈਸਟਾ ਚੋਂ ਵੀ ਚੰਗੇ ਨੰਬਰਾਂ ਨਾਲ ਵਾਹ ਵਾਸਤਾ ਬਣਿਆ ਰਿਹਾ !

ਮੈਨੂੰ ਮੇਰੀ ਜ਼ਿੰਦਗੀ ਦੀ ਗੱਡੀ ਸਹੀ ਰਸਤੇ ਪੈਂਦੀ ਦਿੱਸਣ ਲੱਗ ਪਈ ਸੀ ! ਗਿਆਂਰਵੀ ਕਰਦਿਆਂ - ਕਰਦਿਆਂ ਮੈਂ ਆਪਣੀ ਜ਼ਿੰਦਗੀ ਚ' ਪਹਿਲਾ ਕੰਮ ਸ਼ੁਰੂ ਕੀਤਾ ਉਹ ਸੀ ਰਿਲਾਇੰਸ ਦੇ ਪ੍ਰੀਪੇਡ ਨੰਬਰ ਵੇਚਣਾ ! ਮੇਰੀ ਕਜ਼ਨ ਸਿਸਟਰ ਦੇ ਵਿਆਹ ਨੂੰ ਤਕਰੀਬਨ ਸਾਲ ਹੋ ਚੱਲਿਆ ਸੀ ! ਅਤੇ ਭਾਈਏ ਦੀ ਮਮਦੋਟ ਮੋਬਾਇਲਾਂ ਦੀ ਦੁਕਾਨ ਸੀ ਮੈ ਇਕ ਦਿਨ ਭੈਣ ਤੇ ਭਾਈਏ (ਜੀਜੇ) ਨਾਲ ਗੱਲ ਕਰਦੇ - ਕਰਦੇ ਉਹਨਾ ਨੂੰ ਕਿਹਾ ਕੀ ਕੋਈ ਮੇਰੇ ਲਈ ਕੰਮ - ਕਾਰ ਹੀ ਲਭਦੋ ਮੈਂ ਬਾਰਾਂ ਸਾਢੇ ਬਾਰਾਂ ਵਜੇ ਤੋਂ ਬਾਅਦ ਘਰ ਵਿਹਲਾ ਹੀ ਹੁਣਾ !

**ਕਹਿੰਦੇ ਪਹਿਲਾ ਪੜ੍ਹਾਈ ਕਰਲਾ ਸਾਰੀ ਉਮਰ ਕੰਮ ਹੀ ਕਰਨੇ ! ਪਰ ਭਾਈਏ (ਜੀਜੇ) ਦਾ ਬਾਹਲਾ ਖੈੜਾ ਕਰਨ ਤੇ ਉਹਨਾ ਨੇ ਮੇਰੀ 36600 ਆਲੀ ਰਿਲਾਇੰਸ ਦੀ ਸਿੱਮ ਡੈਮੋ ਚ' ਕਨਵਰਟ ਕਰਵਾਤੀ ਤੇ ਕੰਮ ਬਾਰੇ ਸਮਝਾਤਾ ! ਮੈਂ ਨੰਬਰ ਕੱਢਣੇ ਨਿੱਤ ਇਕ ਦੋ ਸਿਮਾਂ ਸੇਲ ਕਰ ਦੇਣੀਆਂ ਕਰਨੀਆਂ ਕਿਸੇ ਚ' ਦੋ ਸੋ ਦਾ ਮੁਨਾਫਾ ਹੋਣਾ ਕਿਸੇ ਚ ਸੋ ਅਤੇ ਕਿਸੇ ਚ ਪੰਜ - ਪੰਜ ਸੋ ਵੀ ਬੱਚ ਜਾਣਾ । ਲਓ ਜੀ ਆਪਣਾ ਬਣ ਗਿਆ ਸੀ ਕਮਾਈ ਦਾ ਸਾਧਨ ਆਪਾਂ ਮਹੀਨੇ ਦੋ ਮਹੀਨੇ ਚ' ਸੱਤ - ਅੱਠ ਹਜ਼ਾਰ ਨਾਲ ਬੋਝਾ ਭਰਲਿਆ ! ਪਰ ਕੰਮ ਆਪਣਾ ਚੱਲਿਆ ਥੋੜਾ ਟਾਇਮ ਈ ਕਿਉਂਕੀ ਰਿਲਾਇੰਸ ਦੀ ਥਾਂ ਜੀਉ ਨੇ ਲੈ ਲਈ ਸੀ ਅਤੇ ਰਿਲਾਈਂਸ ਦੀਆਂ ਜੀ.ਐਸ.ਐਮ ਕਿੱਟਾਂ ਆਉਣੀਆਂ ਹੀ ਬੰਦ ਹੋ ਗਈਆਂ ਸੀ..!**

**ਚਲੋ ਖੈਰ ! ਔਖੇ ਸੋਖੇ ਹੁੰਦਿਆ ਗਿਆਰਵੀਂ ਕਲਾਸ ਵੀ ਲੰਘ ਹੀ ਗਈ ਗਿਆਂਰਵੀ ਪਾਸ ਹੁੰਦਿਆ ਮੈਂ ਬਾਂਰਵੀ ਦਾ ਦਾਖਲਾ ਆਪਣੀ ਬਚੀ ਹੋਈ ਕਮਾਈ ਚੋਂ ਕਰਵਾਇਆ ਅਤੇ ਕਿਤਾਬਾਂ ਵੀ ਸਾਰੀਆਂ ਪਹਿਲੇ ਮਹੀਨੇ ਹੀ ਲੈ ਲਈਆਂ ! ਕਿਉਂਕੀ ਹੁਣ ਪੜ੍ਹਾਈ ਚ' ਮਨ ਲੱਗਣ ਲੱਗਿਆ ਸੀ**

**ਮੈਂ ਬਾਂਰਵੀ ਚ ਸਚਿਨ ਨਾਲ ਪਹਿਲੇ ਡੈਸਕ ਤੇ ਬੈਠਿਆ ਕਰਨਾ ! ਅਤੇ ਪੜ੍ਹਨਾ ਕਰਨਾ ਸਾਡੇ ਸਕੂਲ ਕੋਈ ਨਾ ਕੋਈ ਫੰਕਸ਼ਨ ਹੁੰਦਾ ਹੀ ਰਹਿੰਦਾ ਸੀ ਕਦੇ ਦੀਵਾਲੀ ਦਾ ਤਿਉਹਾਰ ਕਦੇ ਲੋਹੜੀ ਦਾ ਅਤੇ ਜਦੋਂ ਕਦੇ - ਕਦਾਈ ਕਿਸੇ ਨਾਮਵਾਰ ਬੰਦੇ ਨੇ ਸਕੂਲ ਆਉਣਾ ਹੁੰਦਾ ਸੀ ! ਤਾਂ ਓਦੋਂ ਸਕੂਲ ਦੇ ਹੀ ਵੱਡੇ ਗਰਾਊਂਡ ਚ' ਫੰਕਸ਼ਨ ਰੱਖ ਲੈਂਦੇ ਸਨ ! ਪੰਜਾਬੀ ਵਿਸ਼ਾ ਪੜ੍ਹਾਉਣ ਆਲੇ ਇੰਦਰ ਮੈਡਮ ਹੀ ਸਾਰੇ ਫੰਕਸ਼ਨਾ ਦਾ ਤਾਮਾ - ਜਾਮਾ ਦੇਖਦੇ ਸੀ**

**ਕਿਸੇ ਨੇ ਸਟੇਜ ਤੇ ਆਕੇ ਭੰਗੜਾ ਪਾਉਣਾ ਕਿਸੇ ਨੇ ਕੋਈ ਚੰਗਾ ਗੀਤ ਸਣਾਉਣਾ ਅਤੇ ਕਿਸੇ ਨਿਆਣੇ ਨੇ ਮਾਈਕ ਮੂਹਰੇ ਆਕੇ ਚੰਗੇ ਵਿਚਾਰ ਪੇਸ਼ ਕਰਨੇ ਕਰਨੇ !**

**ਏਦਾ ਕਾਫ਼ੀ ਫੰਕਸ਼ਨ ਲੰਘਦੇ ਰਹੇ ! ਬਾਂਰਵੀ ਜਮਾਤ ਦੇ ਸਾਡੇ ਦੋ ਵਾਰ ਕੱਚੇ ਪੇਪਰ ਹੋ ਚੁਕੇ ਸੀ ! ਹੁਣ ਸੀ ਸਾਡੀ ਸਕੂਲ ਛੱਡਣ ਤੋਂ ਪਹਿਲਾਂ ਫੇਰਵਲ ਪਾਰਟੀ !**

ਪਤਾ ਨਈ ਇੰਦਰ ਮੈਡਮ ਨੂੰ ਕਿਹਨੇ ਦੱਸਤਾ ਕੀ ਮੈਂ ਗਾਉਂਦਾ ਅਤੇ ਲਿੱਖਦਾ ਹਾਂ ! ਅੱਗਲੇ ਦਿਨ ਪੰਜਾਬੀ ਦੇ ਪੀਰੀਅਡ ਮੈਡਮ ਸਭ ਤੋਂ ਪੁੱਛੀ ਜਾਣ ਕੀ ਕੱਲ ਤੁਹਾਡੀ ਬਾਰਵੀ ਜਮਾਤ ਦੀ ਫੇਰਵਲ ਪਾਰਟੀ ਹੈ !

ਕਿਸੇ ਨੇ ਕੋਈ ਗੀਤ ਕਵਿਤਾ ਸਣਾਉਣੀ ਹੋਵੇ ਤਾਂ ਮੈਨੂੰ ਨਾਮ ਲਿਖਵਾ ਸਕਦਾ ਹੈ !

ਮੇਰੇ ਨਾਲਦਿਆ ਦੀਆਂ ਅੱਖਾਂ ਮੇਰੇ ਵੱਲ ਤੇ ਪਿੱਛੇ ਬੈਠਾ ਜਤਿੰਦਰ ਮੇਰੀ ਪਿੱਠ ਥਾਪੜਕੇ ਕਹਿੰਦਾ ਮੈਡਮ ਜੀ ਏਕਮ ਨੇ ਇੱਕ ਬਾਰਵੀ ਜਮਾਤ ਵਾਸਤੇ ਬੜਾ ਸੋਹਣਾ ਗੀਤ ਲਿਖਿਆ ਹੋਇਆ

ਅਵਤਾਰ ਸਚਿਨ ਲਖਵੀਰ ਇਹ ਵੀ ਸਾਰਿਆ ਨੇ ਜਤਿੰਦਰ ਦੀ ਗੱਲ ਚ ਹਾਂ ਚ ਹਾਂ ਮਿਲਾਤੀ ! ਮੈਂ ਡਰਗਿਆ ਵੀ ਏਕਮ ਸਿਆਂ ਤੂੰ ਮਾਈਕ ਮੂਹਰੇ ਗਾ ਲਏਂਗਾ...? ਜਾਂ ਮਾਈਕ ਮੂਹਰੇ ਹੋ ਵੀ ਪਾਏਗਾਂ...? ਏਨੇ ਨੂੰ ਮੈਡਮ ਨੇ ਮੈਨੂੰ ਆਵਦੇ ਕੋਲ ਬੁਲਾ ਲਿਆ ਕਹਿੰਦੇ ਚੱਲ ਪੁੱਤ ਸੁਣਾ ਕੁੱਝ ਮੈਂ ਅਗਿਉ ਨੀਂਵੀ ਪਾਕੇ ਖੜਾ ਹੋ ਸ਼ਰਮਾਈ ਜਾਂਵਾਂ ਕਿਉਂਕੀ ਮੈਂ ਜੋ ਲਿੱਖਦਾ ਸੀ ਉਹ ਸ਼ਾਇਦ ਮੇਰੇ ਦੋਸਤਾ ਮਿੱਤਰਾ ਨੂੰ ਪਸੰਦ ਆਉਣ ਆਲੀਆਂ ਚੀਜ਼ਾ ਸੀ !

ਸ਼ਾਇਦ ਸਿਆਣਾ ਤੇ ਸੂਝਵਾਨ ਬੰਦਾ ਉਹ ਗੀਤਾ ਨੂੰ ਕੰਨ ਲਾਕੇ ਸੁਣੇਗਾ ਕੇ ਨਹੀ ਇਹ ਗੱਲ ਦਾ ਤਾਂ ਮੈਨੂੰ ਭੋਰਾ ਵੀ ਅੰਦਾਜਾ ਨਈ ਸੀ ।

**ਮੈਡਮ ਕਹਿਣ ਲੱਗੇ ਚੱਲ ਪੁੱਤ ਸੁਣਾ ਸਾਰੇ ਕਹਿਣ ਲੱਗੇ ਚੱਕਦੇ ਚੱਕਦੇ ਮੈਨੂੰ ਬਸ ਇਹ ਸੀ ਇਹਨਾ ਦਾ ਤੇ ਪਤਾ ਨਈ ਜੇ ਮੈਡਮ ਨੂੰ ਕੁੱਝ ਚੰਗਾ ਨਾ ਲੱਗਿਆ ਤਾਂ ਮੈਡਮ ਦਾ ਹੱਥ ਮੇਰੇ ਤੇ ਹੋਲਾ ਹੋ ਸਕਦਾ .....!**

**ਆਖਿਰ ਫੇਰ ਸਾਰਿਆ ਦੇ ਕਹਿਣ ਤੇ ਮੈ ਆਵਦਾ ਲਿਖਿਆ  ਗੀਤ ਗਾਉਣਾ ਸ਼ੁਰੂ ਕੀਤਾ**

**ਗੀਤ**

**ਟੈਨਸ਼ਨ ਚ ਫਿਰਦੀ ਕਲਾਸ ਸਾਡੀ ਸਾਰੀ ਆ**

**ਅੰਗ੍ਰਜੀ ਦੇ ਹੀ ਪੇਪਰ ਨੇ ਮੱਤ ਬਸ ਮਾਰੀ ਆ !**

**ਬਾਕੀ ਸਾਰੇ ਵਿਸ਼ਿਆਂ ਚ' ਚੰਗੇ ਆਊ ਨੰਬਰ ਅੰਗ੍ਰਜੀ ਦੀ ਆ ਮਾਰ ਬਸ ਸਾਨੂੰ ਹੀ ਬਚਾਦੋ***

**ਸਰ ਜੀ ਪਲੱਸ-ਟੂ ਚ' ਪਾਸ ਹੀ ਕਰਾਦੋ**

**ਬੂਹੇ ਬਾਰੀਆਂ ਨੂੰ ਬੰਦ ਕਰ ਨਕਲ ਮਰਾਦੋ ×2 !**

**ਮੈਂ ਇਹ ਇਕ ਦੋ ਪਹਿਰੇ ਸੁਣਾਕੇ ਆਵਦੀ ਥਾਂ ਤੇ ਜਾਕੇ ਬਹਿ ਗਿਆ ! ਮੈਡਮ ਨੂੰ ਵੀ ਸਾਇਦ ਮੇਰੀ ਲਿਖਾਈ ਚੰਗੀ ਲੱਗੀ ਕਹਿੰਦੇ ਪੁੱਤਰ ਇਹ ਸਹੀ ਤਾਂ ਹੈ ! ਪਰ ਤੂੰ ਕੁੱਝ ਚੰਗਾ ਲਿੱਖ ਤੂੰ ਲਿੱਖ ਸਕਦਾ ਏਂ !**

**ਲਿਖਣ ਦੀ ਕਲਾ ਤਾਂ ਹੈਗੀ ਐ ਤੇਰੇ ਚ' ਅਤੇ ਦੂੱਜਾ ਤੂੰ ਸੰਗਿਆ ਘੱਟ ਕਰ ਸਾਰੇ ਹੱਸ ਪਏ ! ਅਤੇ ਮੈਡਮ ਨੇ ਆਵਦੀ ਡਾਇਰੀ ਵਿਚ ਮੇਰਾ ਨਾਮ ਲਿਖਕੇ ਸਾਹਮਣੇ ਫਨੀ ਗੀਤ ਲਿੱਖ ਦਿੱਤਾ !**

**ਅੱਗਲੇ ਦਿਨ ਦੁਪਹਿਰ ਬਾਰਾਂ ਕੁ ਵਜੇ ਸਾਰੀਆਂ ਕਲਾਸਾ ਲਾਈਨਾ ਬਣਾਕੇ ਆਡੀਟੋਰੀਅਮ ਵੱਲ ਨੂੰ ਜਾਈ ਜਾਣ**

**ਜੱਦ ਮੈਂ ਆਡੀਟੋਰੀਅਮ ਅੰਦਰ ਵੜ੍ਹਿਆ ਤਾਂ ਮੈਨੂੰ ਏਨੀ ਜਨਤਾ ਦੇਖ ਆਵਦਾ ਲਿਖਿਆ ਗੀਤ ਵੀ ਭੁੱਲ ਗਿਆ ! ਮੈਨੂੰ ਡਰ ਸੀ ਕੀ ਏਕਮ ਸਿਆਂ ਤੂੰ ਮਾਈਕ ਤੇ ਗਾਉਣਾ ਵੀ ਪਹਿਲੀ ਵਾਰ ਹੈ ਕਿਤੇ ਵਿੱਚੇ ਅੜ੍ਹ ਨਾ ਜਾਵੀਂ ! ਅਤੇ ਮੈਂ ਆਵਦੇ ਨਾਲਦਿਆਂ ਦੇ ਵਿਚ ਬੈਠਾ ਆਵਦੇ ਮੂੰਹ ਉਤੇ ਪਰੇਸ਼ਾਨੀ ਦੀਆਂ ਕੰਧਾ ਢਾਹੀ ਜਾਂਵਾਂ ਏਨੇ ਨੂੰ ਮੈਡਮ ਨੇ ਮੇਰਾ ਨਾਮ ਮਾਈਕ ਮੂਹਰੇ ਲਿਆ ! ਜਿਵੇਂ ਹੀ ਮੈਂ ਆਵਦੀ ਥਾਂ ਤੋਂ ਖੜਾ ਹੋਇਆ *ਤਾੜੀਆਂ ਅਤੇ ਕੂਕਾਂ ਦੀ ਆਵਾਜ਼ ਸਾਰੇ ਆਡੀਟੋਰੀਅਮ ਚ' ਗੂੰਝ ਗਈ !**

**ਇੰਦਰ ਮੈਡਮ ਦੇ ਚੰਦ ਸ਼ਬਦਾ ਤੋਂ ਬਾਅਦ ਮਾਈਕ ਮੂਹਰੇ ਆਪਾਂ ਫੇਰ ਜਦੋਂ ਆਪਣਾ ਲਿਖਿਆ ਗੀਤ ਪੇਸ਼ ਕੀਤਾ ਗੀਤ ਮੁੱਕਣ ਮਗਰੋ ਹੀ ਕੂਕਾਂ ਤਾੜੀਆਂ ਵੱਜਣੀਆ ਫੇਰ ਸ਼ੁਰੂ ਹੋ ਗਈਆਂ ਪਤਾ ਨਈ ਸਾਡੇ ਸਕੂਲ ਦੇ ਅਧਿਆਪਕ ਸਾਹਿਬਾਨਾ ਨੂੰ ਗੀਤ ਪਸੰਦ ਆਇਆ ਸੀ ਜਾਂ ਨਈ ਪਰ ਅੱਗਲਾ ਦਿਨ ਚੜ੍ਹਣ ਤੋਂ ਪਹਿਲਾ - ਪਹਿਲਾ ਮੇਰਾ ਨਾਂ ਸਾਰੀਆਂ ਕਲਾਸਾਂ ਦੇ ਜੁਆਕਾਂ ਦੀ ਜੀਭ ਤੇ ਆ ਗਿਆ ਸੀ ਬਸ ਫੇਰ ਕੀ ਸੀ ਖਾਲੀ ਪੀਰੀਅਡਾਂ ਚ' ਅਤੇ ਅੱਧੀ ਛੁੱਟੀ ਚ ਕਿਤੇ ਨਾ ਕਿਤੇ ਰੋਣਕ ਲਾਈ ਰੱਖਣੀ ਆਖਿਰ ਬਾਂਰਵੀ ਦੇ ਅਖੀਰਲੇ ਦਿਨਾਂ ਚ' ਹੱਸਦਿਆ ਖੇਡਦਿਆ ਸਕੂਲੀ ਵਿਦਿੱਆ ਖਤਮ ਹੋ ਗਈ !**

**ਆਜੋ ਅੱਗੇ ਦੱਸਦਾ - ਹਾਂ ਮੈਂ ਬਾਰਵੀਂ ਪਾਸ ਹੋਇਆ ਬਾਰਵੀ ਪਾਸ ਹੁੰਦਿਆ ਹੀ ਅਸੀ ਸਾਰੇ ਸੱਜਣ ਮਿੱਤਰ ਵਿੱਛੜ ਗਏ ! ਵਿੱਛੜ ਤਾਂ ਵੈਸੇ ਅਸੀ ਦੱਸਵੀ ਚ' ਹੀ ਗਏ ਸੀ ਕਿਉਂਕੀ ਸ਼ਿਵਰਾਜ ਨੇ ਬਾਰਵੀ ਕਿਤੇ ਹੋਰ ਕੀਤੀ ! ਗਗਨ ਪੁਸ਼ਕਰ ਨੇ ਕਿਤੇ ਹੋਰ ! ਅਤੇ ਮੈਂ ਕਿਤੋਂ ਹੋਰ ! ਪਰ ਹੁਣ ਇਸ ਵਾਰ ਸਾਡੇ ਸਕੂਲ ਨਈ ਸੀ ਅਲੱਗ - ਅਲੱਗ ਹੋਏ ਬਲਕਿ ਕਿਸੇ ਦਾ ਸ਼ਹਿਰ ਅਲੱਗ ਹੋ ਗਿਆ ਕਿਸੇ ਦਾ ਦੇਸ਼ !**

ਸ਼ਿਵਰਾਜ 2018 ਚ' ਕਨੇਡਾ ਉਡਾਰੀ ਮਾਰ ਗਿਆ । ਗਗਨ ਚੰਡੀਗੜ੍ਹ ਚਲਾ ਗਿਆ ।

ਪੁਸ਼ਕਰ ਆਵਦੇ ਮੰਮੀ ਡੈਡੀ ਕੋਲ ਲੁਧਿਆਣੇ ਅਤੇ ਬਾਕੀ ਵੀ ਕਿਤੇ ਨਾ ਕਿਤੇ ਗੁਆਚ ਜਿਹੇ ਗਏ !

ਚਲੋ ਬਾਰਵੀਂ ਤਾਂ ਸੁੱਖੀ ਸਾਂਦੀ ਹੋ ਗਈ ਪਰ ਹੁਣ ਅੱਗੇ ਕੀ ਕਰੀਏ ਸਮਝ ਨਈ ਸੀ ਆ ਰਹੀ ! ਦਿਨ ਚੜ੍ਹਨਾ ਲਹਿ ਜਾਣਾ ਬਸ ਸੋਚਦੇ - ਸੋਚਦੇ ਦਿਨ ਲੰਘਦੇ ਗਏ ਹੌਲੀ - ਹੌਲੀ ਹਫਤੇ ਹੌਲੀ - ਹੌਲੀ ਮਹੀਨੇ ਮੈਂ ਸੋਚਦਾ ਸੀ ਕੋਈ ਕੰਮ ਕਾਰ ਹੀ ਕਰ ਲਵਾਂ ਪਰ ਕੀ..? ਹੁਣ ਇਹ ਨਈ ਸੀ ਸਮਝ ਆ ਰਹੀ !

ਮੈਂ ਅਤੇ ਮੇਰੇ ਗੁਆਂਡੀ ਦੋਸਤ *ਕਰਨ* *ਵਿੱਕੀ* *ਗੁਰਜੀਤ* *ਗਿੰਦਰ* *ਮਨੀ* *ਚੰਨੀ* *ਗੁਰਮਨ* *ਸੁੱਖੇ* ਕੇ ਆਰੇ ਦੇ ਬਾਹਰ ਬੈਠੇ ਅਤੇ ਗੱਲਾਂ ਗੱਲਾਂ ਚ' ਇਹਨਾ ਦੀ ਸਲਾਹ ਬਣ ਗਈ ਕੀ ਆਪਾਂ ਏਸ ਵਾਰੀ ਜੂਨ ਜਾਂ ਜੁਲਾਈ ਵਿਚ ਹੇਮਕੁੰਟ ਸਾਹਿਬ ਚਲਾਂਗੇ !

ਬੈਠੇ ਬੈਠੇ ਬਣੀ ਸਲਾਹ ਦੋ ਚਾਰਾਂ ਦਿਨਾਂ ਬਾਅਦ ਪੱਕੀ ਹੋ ਗਈ ! ਮੈਨੂੰ ਕਹਿੰਦੇ ਤੂੰ ਵੀ ਚੱਲ ਪਾ ਤੂੰ ਕਿਹੜਾ ਕੰਮ ਤੋਂ ਛੁੱਟੀਆਂ ਲੈਣੀਆਂ ਵੈਸੇ ਵੀ ਵਿਹਲਾ ਹੀ ਸੀ ਮੈਂ ! ਪਰ ਮੈਨੂੰ ਇਹ ਸੀ ਵੀ ਪੰਜ ਦੱਸ ਦਿਨਾਂ ਦਾ ਏਨਾ ਲੰਮਾਂ ਸਫਰ ਮੈਂ ਕਰ ਲਵਾਂਗਾ ਜਾਂ ਨਈ !

ਇਕ ਦਿਨ ਤੁਰਦੇ - ਫਿਰਦੇ ਸਾਰੇ ਹੀ ਆਪਣੇ ਘਰ ਇੱਕਠੇ ਹੋ ਗਏ ! ਭੁੱਲਰ ਸਾਬ ਆਪਣੇ ਦੂਰੋਂ ਹੀ ਹਾਕਾਂ ਦਿੰਦੇ ਆਉਣ ਕੀ ਅੱਜ ਚਾਚੇ ਨਾਲ ਚਾਹ ਪੀਣੀ ਚਾਚਾ ਮਤਲਬ *ਮੇਰੇ ਡੈਡੀ* ਸਾਡਾ ਸਾਰਾ ਜਿੰਨਾ ਵੀ ਸਰਕਲ ਸੀ ਸਾਰੇ ਹੀ ਇਕ - ਦੁੱਜੇ ਦੇ ਮੰਮੀ ਡੈਡੀ ਨੂੰ ਚਾਚਾ ਤਾਇਆ ਹੀ ਕਹਿੰਦੇ ਸੀ !

ਲਓ ਮਾਤਾ ਨੇ ਚਾਹ ਧਰ ਲਈ ਕਿਸੇ ਨੇ ਬੈੱਡ ਤੇ ਚੌਂਕੜਾ ਮਾਰ ਲਿਆ ਕਿਸੇ ਨੇ ਕੁਰਸੀ ਮਲੱਕ ਲਈ ਚਾਹ ਆ ਗਈ ਤੇ ਪੀਂਦੇ ਪੀਂਦੇ ਹੇਮਕੁਟ ਸਾਹਿਬ ਜਾਣ ਦੀ ਗੱਲ ਫੇਰ ਛਿੱੜ ਪਈ ! ਗੁਰਮਨ ਕਹਿੰਦਾ ਚੱਲ ਉਸਤਾਦ ਤੂੰ ਤਿਆਰ ਰਹੀ ਆਪਾਂ ਜਾਣਾ ਡੈਡੀ ਮੰਮੀ ਵੀ ਮੰਨ ਗਏ ਤੇ ਆਪਾਂ ਵੀ ਕਰਲੀ ਤਿਆਰੀ ਮਾਤਾ ਨੇ ਟਾਇਰਾਂ ਆਲਾ ਬੈਗ ਏਦਾ ਪੈਕ ਕੀਤਾ ਜਿਵੇਂ ਮੈਂ ਹੇਮਕੁੰਟ ਸਾਹਿਬ ਨਈ ਸੀਡਨੀ ਚੱਲਿਆ ਹੋਵਾਂ ਤਿੰਨ ਚਾਰ ਮੋਟੀਆਂ ਜੈਕਟਾਂ ਗਰਮ ਸੂਟ ਵੀ ਪਾਤਾ ਕੀ ਸਾਡੇ ਜੁਵਾਕ ਨੂੰ ਠੰਡ ਨਾ ਲੱਗਜੇ ਕਿਤੇ

ਯਾਰ ਮਾਵਾਂ ਵਿਚਾਰੀਆ ਕਿੰਨਾ ਫਿਕਰ ਕਰਦੀਆਂ ਹੁੰਦੀਆਂ ਹਨਾ.. ! ਚਲੋ ਜੀ ਆਪਾਂ ਤੁੱਰ ਪਏ ਪਹਿਲਾਂ ਗਏ ਆਪਾਂ ਪਾਉਂਟਾ ਸਾਹਿਬ ਉਥੇ ਮੱਥਾ ਟੇਕਿਆ ਪ੍ਰਸ਼ਾਦਾ ਪਾਣੀ ਛੱਕਿਆ ਤੇ ਤੁੱਰ ਪਏ ਅੱਗੇ ਵੱਲ !

ਮੈਨੂੰ ਤਾਂ ਇਹ ਸੀ ਕੀ ਆਪਾਂ ਪਹੁੰਚ ਜਾਣਾ ਸ਼ਾਮ ਤੱਕ ਪਰ ਹਲੇ ਤਾਂ ਰਾਤ ਰਿਸ਼ੀਕੇਸ਼ ਗੁਰੂਦੁਆਰਾ ਸਾਹਿਬ ਰੱਕਣਾ ਸੀ ਫੇਰ ਅੱਗੇ ਨਿਕਲਣਾ ਸੀ ਡੇਢ ਦਿਨ ਲੰਘ ਗਿਆ ਗੱਡੀ ਚ ਬੈਠਿਆ ਬੈਠਿਆਂ !

## ਗੋਬਿੰਦ ਘਾਟ ਤੋਂ ਸ਼ੁਰੂ ਹੋਈ ਫੇਰ ਸਾਡੀ ਪੈਦਲ ਯਾਤਰਾ !

ਬਸ ਫੇਰ ਆਪਾਂ ਉਹੀ ਟਾਇਰਾਂ ਆਲੇ ਬੈਗ ਚੋਂ ਦੋ ਜੈਕਟਾਂ ਕੱਢੀਆਂ ਅਤੇ ਜੈਕਟ ਉੱਤੇ ਜੈਕਟ ਪਾਕੇ ਤੁਰ ਪਏ ਹੌਲੀ ਹੌਲੀ ਪਹਾੜਾਂ ਦੀਆਂ ਢਲਾਣਾ ਨੂੰ ਹੱਥ ਪਾਉਂਦੇ ਪਾਉਂਦੇ !

ਤੇਰਾਂ ਤੋਂ ਪੰਦਰਾ ਕਿਲੋਮੀਟਰ ਤੁਰਕੇ ਜਾਣਾ ਕਿਹੜਾ ਸੋਖਾ ! ਤੁਰਦੇ ਤੁਰਦੇ ਬੱਸ ਹੋ ਗਈ ਭਾਊ ਪਰ ਉਹ ਰੱਬ ਦੇ ਦਿੱਤੇ ਆਸਰੇ ਕਰਕੇ ਆਪਾਂ ਪੈਰ ਪੱਟਦੇ - ਪੱਟਦੇ ਪਹੁੰਚ ਹੀ ਗਏ ਗੋਬਿੰਦ ਧਾਮ ਗੁਰੂਦੁਆਰਾ ਸਾਹਿਬ ! ਰਾਤ ਨੂੰ ਸੀਤ ਦੀ ਲਹਿਰ ਵੱਗ ਰਹੀ ਸੀ ਸਾਰਿਆ ਨੇ ਆਵਦੇ ਆਵਦੇ ਮੋਬਾਇਲ ਤੇ ਸਵੇਰੇ ਤਿੰਨ ਕੂ ਵਜੇ ਦਾ ਅਲਾਰਮ ਸੈੱਟ ਕਰਲਿਆ ਕੀ ਅੱਗੇ ਦੀ ਯਾਤਰਾ ਲਈ ਆਪਾਂ ਚਾਰ ਕੂ ਵਜੇ ਨਿੱਕਲ ਜਾਵਾਂਗੇ ਮੋਬਾਇਲ ਤਾਂ ਵੈਸੇ ਵੀ ਹੁਣ ਆਲਾਰਮ ਸੈੱਟ ਕਰਨ ਨੂੰ ਜਾਂ ਫੇਰ ਫੋਟੋਆਂ ਖਿੱਚਣ ਜੋਗੇ ਹੀ ਰਹਿ ਗਏ ਸੀ ਕਿਉਂਕੀ ਪਹਾੜ੍ਹਾਂ ਚ' ਨੈਟਵਰਕ ਕਿਤੇ - ਕਿਤੇ ਹੀ ਆਉਂਦਾ ਸੀ

ਬਰਫ ਨਾਲ ਢਕੀਆਂ ਚਟਾਨਾਂ ਨੂੰ ਚਿਰਦੇ - ਚਿਰਦੇ ਪਹੁੰਚ ਹੀ ਗਏ ਅਸੀ ਸਾਰੇ ਗੁਰੂਦੁਆਰਾ ਸ਼੍ਰੀ ਹੇਮਕੁਟ ਸਾਹਿਬ !

ਸਵੇਰ ਦੀ ਅਰਦਾਸ ਚ ਨਤਮਸਤੱਕ ਹੋਏ ਅਤੇ ਲੰਗਰ ਪਾਣੀ ਛਕਿਆ ਤੇ ਵਾਪਸ ਥੱਲੇ ਵੱਲ ਨੂੰ ਪਰਤਣ ਲੱਗੇ ਆਉਂਦੀ ਵਾਰ ਮੇਰੇ ਖਿਆਲ ਸਭ ਦੇ ਮੋਬਾਇਲ ਸਵਿਚ - ਆਫ ਹੋ ਚੁਕੇ ਸਨ !

**ਅਸੀ ਆਪਸ ਚ' ਗੱਲਾਂ ਮਾਰਦੇ ਆ ਰਹੇ ਸੀ ! ਹੁਣ ਪੰਜ ਸੱਤ ਦਿਨਾਂ ਦੇ ਏਨੇ ਲੰਮੇ ਸਫਰ ਤੋਂ ਬਾਅਦ ਘਰ ਜਾਂਦਿਆ ਸਭ ਨੇ ਆਪੋ - ਆਪਣੇ ਕਿੱਤੇ ਵਿਚ ਫੇਰ ਰੁੱਝ ਜਾਣਾ ਸੀ ! ਅਤੇ ਆਪਣਾ ਕੰਮ ਹਲੇ ਵੀ ਕਿਤੇ ਲੋਟ ਨਈ ਸੀ ਆਇਆ ਪੜ੍ਹਾਈ ਛੱਡੀ ਨੂੰ ਵੀ ਸਾਲ ਹੋ ਚੱਲਿਆ ਸੀ !**

**ਲਓ ਵੀ ਸੱਜਣੋ ਇੱਥੋਂ ਕਹਾਣੀ ਦਾ ਮੋੜ ਮੁੜਦਾ ! ਬਾਂਰਵੀ ਪਾਸ ਹੋਕੇ ਆਪਾਂ ਲੱਗੇ ਇਕ ਵਾਰ ਰੈਡੀਮੇਡ ਕੱਪੜਿਆਂ ਦੀ ਦੁਕਾਨ ਤੇ ! ਤਾਏ ਦੀ ਦੁਕਾਨ ਤੋਂ ਚਾਰ - ਪੰਜ ਦੁਕਾਨਾ ਛੱਡਕੇ ਇਕ ਛੋਟੀ ਜਿਹੀ ਦੁਕਾਨ ਸੀ ! ਮੈਂ ਕਿਹਾ ਚੱਲ ਕੋਈ ਨੀ ਬਹਿਣਾ ਈ ਆ ! ਪਰ ਪਤੰਦਰ ਨੇ ਮਹੀਨੇ ਚ' ਹੀ ਤਸੱਲੀਆਂ ਕਰਾਤੀਆਂ ! ਕਦੇ ਘਰੋ ਰੋਟੀ ਲੈ ਆ ! ਕਦੇ ਨਾਲਦੀ ਦੁਕਾਨ ਤੋਂ ਮਾਲ ਚੱਕ ਲਿਆ ! ਹੋਰ ਤੇ ਹੋਰ ਅੰਕਲ ਨੇ ਤਾਂ ਕੰਮ ਵਾਲੀ ਵੀ ਹਟਾ ਦਿੱਤੀ ਸੀ ਜਿਹੜੀ ਕੀ ਸਵੇਰੇ ਦੂਕਾਨ ਤੇ ਝਾੜੂ ਪੋਚਾ ਕਰਨ ਆਉਂਦੀ ਸੀ ! ਕਿਉਂਕੀ ਉਹਨਾ ਨੂੰ ਮੁੰਡਾ ਜੋ ਉਹ ਮਿਲ ਗਿਆ ਸੀ ਜਿਹੜਾ ਕਿਸੇ ਵੀ ਕੰਮ ਨੂੰ ਨਾਂਹ ਕਰਦਾ ਹੀ ਨਈ ਸੀ ਲਓ ਫੇਰ ਮਿੱਤਰੋ ਤੁਹਾਡਾ ਯਾਰ ਨਿੱਤ ਮਿੱਟੀ ਘੱਟਾ ਹੁੰਦਾ ਫਿਰੇ !**

**ਤਨਖਾਹ ਸਿਰਫ ਤਿੰਨ ਹਜ਼ਾਰ ਚਲੋ ਫੇਰ ਵੀ ਆਪਾਂ ਔਖੇ ਸੋਖੇ ਹੋਕੇ ਦਿਨ ਕੱਟਦੇ ਰਹੇ ! ਮਹੀਨਾ ਲੰਘਿਆ ਤਨਖ਼ਾਹ ਆਈ ਮੇਰੇ ਮਨ ਚ ਆਇਆ ਛੱਡ ਯਾਰ ਹੁਣ ਨਈ ਜਾਣਾ !**

**ਪਰ ਫੇਰ ਕਿਹਾ ਚੱਲ ਕੋਈ ਨਾ ਲੱਗੇ ਰਹਿਣਾ ਅੱਗਲੇ ਮਹੀਨੇ ਦੇ ਅਠਾਰਾਂ ਦਿਨ ਲੰਘ ਗਏ ਮੈਂ ਕਿਹਾ ਅੰਕਲ ਜੀ ਮੈਂ ਕੱਲ ਤੋਂ ਨਈ ਆਉਣਾ ਮੇਰਾ ਹਿਸਾਬ ਕਰਦੋ ਪਤੰਦਰ ਨੇ ਪੈਸੇ ਤਾਂ ਕੀ ਦੇਣੇ ਸੀ ਸਗੋਂ ਕਹਿੰਦਾ ਮੈਂ ਤੈਨੂੰ ਏਨਾ ਕੰਮ ਸਿਖਾਇਆ ! ਤੇ ਜਿਹੜਾ ਕੰਮ ਉਹ ਕਰਦਾ ਸੀ ਉਹ ਕੰਮ ਤਾਂ ਮੈਂ ਹਲੇ ਤਾਂਈ ਵੀ ਨਈ ਸਿਖਿਆ ਲੋਕਾਂ ਨੂੰ ਗੋਲੀ ਪਾਉਣ ਆਲਾ ! ਚੱਲੋ ਆਪਣਾ ਮਾਰਿਆ ਗਿਆ ਸਤਾਰਾਂ - ਅਠਾਰਾਂ ਸੋ ਰੁੱਪਈਆਂ ਪਰ ਉਹ ਬੰਦਾ ਅੱਜ ਤੱਕ ਮੇਰੀ ਅੱਖ ਨਾਲ ਅੱਖ ਨਈ ਮਿਲਾ ਪਾ ਰਿਹਾ !**

**ਮੈਂ ਸੋਚਿਆਂ ਚੱਲ ਬੀ-ਏ ਕਰ ਲੈਨਾਂ ਹਾਂ ! ਪਰ ਨਾਂਹ ਜੋ - ਜੋ ਮੈਂ ਸੋਚਿਆ ਉਹ ਤਾਂ ਬਿਲਕੁਲ ਵੀ ਨਈ ਹੋਇਆ । ਫੇਰ ਮੇਰਾ ਇੱਕ ਮਿੱਤਰ ਬਣਿਆ ਨਿੱਤੀਨ ! ਨਿੱਤੀਨ ਕੋਈ ਮੇਰਾ ਬਚਪਣ ਦਾ ਯਾਰ ਤਾਂ ਨਈ ਸੀ ਪਰ ਨਿੱਤੀਨ ਨਾਲ ਮੇਰੀ ਇਕ ਦਿਨ ਦੀ ਸਾਂਝ ਵੀ ਮਹੀਨਿਆ ਬਰਾਬਰ ਸੀ ਸਾਰਾ ਦਿਨ ਕਿਤੇ ਨਾ ਕਿਤੇ ਤੁਰੇ ਰਹਿਣਾ ਕਰਨਾ ਐਂਵੇ ਬਸ ਕਦੇ ਕਿਤੇ ਕਦੇ ਕਿਤੇ ਨਿੱਤੀਨ ਦੀ ਮੰਮੀ ਨੂੰ ਮੇਰੇ ਤੇ ਇੰਨਾ ਵਿਸ਼ਵਾਸ਼ ਸੀ ਕੀ ਨਿੱਤੀਨ ਜੇ ਮੇਰੇ ਨਾਲ ਹੈਂ ਤਾਂ ਉਹ ਕੋਈ ਗਲਤ ਕੰਮ ਨਈ ਕਰੇਗਾ**

**ਕੰਮ ਕਾਜ ਵਲੋਂ ਹਜੇ ਨਿੱਤੀਨ ਨੂੰ ਵੀ ਵਿਹਲ ਸੀ ਅਤੇ ਮੈਂ ਵੀ ਵਿਹਲਾ ਹੀ ਭਟਕ ਰਿਹਾਂ ਸੀ !**

ਸਮੇ - ਸਮੇ ਦੋਰਾਨ ਇਨਸਾਨ ਚ' ਕਾਫ਼ੀ ਬਦਲਾਅ ਆਉਂਦੇ ਰਹਿੰਦੇ ਨੇ ! ਨਿੱਤੀਨ ਵੀ ਆਪਣੇ ਡੈਡੀ ਜੀ ਦੇ ਇਹ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਕਾਫ਼ੀ ਬਦਲਿਆ ! ਉਹਦਾ ਬਚਪਣਾ ਜਿਹਾ ਸੁਭਾਅ ਜਿੰਮੇਵਾਰੀਆਂ ਚ' ਬਦਲ ਗਿਆ ਆਂਟੀ ਵੀ ਕਾਫ਼ੀ ਬਿਮਾਰ ਰਹਿਣ ਲੱਗ ਪਏ ! ਫੇਰ ਮੈਂ ਤੇ ਮੇਰੇ ਯਾਰ ਨਿਤੀਨ ਨੇ ਕੀਤੀ ਕੰਮ ਕਾਜ ਦੀ ਭਾਲ ! ਪਰ ਉਹ ਕਹਿੰਦੇ ਨਈ ਹੁੰਦੇ ਕੀ ਮੂੰਹ ਮੰਗਿਆਂ ਤਾਂ ਮੋਤ ਵੀ ਨਈ ਮਿਲਦੀ ਮਤਲਬ ਜਦੋ ਜੋ ਹੋਣਾ ਜੋ ਮਿਲਣਾ ਸਮੇ ਮੁਤਾਬਿਕ ਹੀ ਮਿਲਣਾ ! ਆਖਿਰ ਭੱਜ - ਦੋੜ ਕਰਦਿਆਂ ਨਿੱਤੀਨ ਦਾ ਕਿਤੇ ਵਾਸਤੂ ਸ਼ਾਸ਼ਤਰ ਆਲੇ ਕੰਮ ਚ' ਟਾਂਕਾ ਅੜਗਿਆ !

ਮੈਨੂੰ ਬਾਹਲਾ ਤਾਂ ਉਹ ਕੰਮ ਬਾਰੇ ਨਈ ਸੀ ਪਤਾ ਪਰ ਕੰਮ ਹੈ ਪੰਡਤਾਂ ਜੇ ਆਲਾ ਸੀ ਉਥੇ ਘਰਾਂ ਚ ਲੱਗਣ ਆਲਾ ਵਾਸਤੂ ਦਾ ਸਮਾਨ ਬਣਦਾ ਸੀ ! ਨਿੱਤੀਨ ਨੂੰ ਮਹੀਨਾ ਹੋਗਿਆ ਸੀ ਉਹਨਾ ਨੂੰ ਹੋਰ ਮੂੰਡੇ ਦੀ ਲੋੜ ਪਈ ਤਾਂ ਉਹਨੇ ਮੈਨੂੰ ਵੀ ਆਵਦੇ ਨਾਲ ਈ ਕੰਮ ਤੇ ਲਵਾ ਲਿਆ ਫੇਰ ਉਹੀ ਵਿਹਲਿਆ ਨੇ ਕੰਮ ਤੇ ਜਾਣਾ ਕਰਨਾ ਸ਼ਾਮਾ ਢਲੀਆਂ ਨੂੰ ਘਰ ਆਉਣਾ !

ਏਦਾ ਦੋ - ਚਾਰ ਮਹੀਨੇ ਲੰਘੇ ! ਉਥੋਂ ਦਾ ਸਾਰਾ ਤਾਮਾ - ਜਾਮਾ ਅਮਨ ਵੀਰਾ ਦੇਖਦਾ ਸੀ ! ਪੈਸੇ ਦੀ ਲੋੜ ਪੈਣੀ ਅਮਨ ਵੀਰੇ ਨੂੰ ਮੈਂ ਮਾੜਾ ਜਿਹਾ ਕਹਿਣਾ ਤੇ ਪੈਸੇ ਹੱਥ ਚ' ਕਿਉਂਕੀ ਮਿਹਨਤ ਦਾ ਮੁੱਲ ਸੀ ਕਿਉਂਕੀ ਮੈਂ ਹਿੱਕ ਦੇ ਜ਼ੋਰ ਤੇ ਧੁੱਪੇ ਬਹਿ - ਬਹਿ ਰਾੜਾਂ ਰਗੜਦਾ ਸੀ ਬਾਬਿਉ !

ਨਾ ਕੀ ਮੈਂ ਕੋਈ ਘੁੰਮਣ ਆਲੀ ਕੁਰਸੀ ਤੇ ਬਹਿਕੇ ਡਾਕਟਰ ਡਰਾਈਵਿੰਗ ਖੇਡੀ !

ਭਾਜੀ ਨੇ ਵੀ ਮੇਰੇ ਵੱਲ ਤਰੀਫਾਂ ਦੇ ਪੁੱਲ ਬੰਨ੍ਹਦੇ ਹੀ ਆਉਣਾ ! ਪਰ ਨਿੱਤੀਨ ਨੂੰ ਪਤਾ ਨਈ ਕੀ ਹੋਗਿਆ ਸੀ ਉਹ ਨਾ ਹੀ ਮੈਨੂੰ ਹੁਣ ਆਵਦੇ ਨਾਲ ਲੈਕੇ ਜਾਂਦਾ ਸੀ ਤੇ ਨਾਂ ਹੀ ਘਰ ਲੈਕੇਂ ਆਉਂਦਾ ਸੀ ! ਉੱਥੇ ਵੀ ਬੋਲ - ਚਾਲ ਘਟਾ ਰਿਹਾ ਸੀ ! ਸ਼ਾਇਦ ਉਹ ਮਹਿਸੂਸ ਕਰ ਰਿਹਾ ਸੀ ਇਹਨੂੰ ਏਥੇ ਮੈਂ ਲਵਾਇਆ ! ਪਰ ਮੇਰੇ ਨਾਲੋਂ ਜਿਆਦਾ ਦਿਲਾਂ ਚ ਜਗਾਹ ਇਹਨੇ ਇਥੇ ਬਣਾ ਲਈ ਹੈ ! ਇਕ ਦਿਨ ਕਹਿੰਦਾ ਮੈਂ ਇਥੋਂ ਹੱਟ ਜਾਣਾ ਮੇਰੇ ਕੋਲੋਂ ਨਈ ਹੁੰਦੀ ਭਕਾਈ ਜਿਹੀ ! ਜੱਦ ਕਿ ਉਹਦਾ ਕੰਮ ਕੁਰਸੀ ਤੇ ਬੈਠਣ ਆਲਾ ਸੀ ਅਤੇ ਮੇਰਾ ਕੰਮ ਦਿਹਾੜੀ - ਦੱਪੇ ਆਲਾ ਪਰ ਮੈਂ ਤਾਂਵੀ ਖੁਸ਼ ਸੀ ! ਆਖਿਰ ਨਿੱਤੀਨ ਨੇ ਕੰਮ ਤੋਂ ਜਵਾਬ ਦੇ ਦਿੱਤਾ ਕੀ ਕੱਲ ਤੋਂ ਮੈਂ ਨਈ ਆਉਣਾ !

ਨਿੱਤੀਨ ਹੀ ਮੈਨੂੰ ਆਵਦੇ ਨਾਲ ਕੰਮ ਲਵਾਉਣ ਆਲਾ ਬੰਦਾ ਸੀ ਹੁਣ ਉਹੀ ਹੱਟਗਿਆ ਤੇ ਮੈਂ ਉੱਥੇ ਕੀ ਕਰਨਾ ਸੀ ਅੱਗਲੇ ਦਿਨ ਮੈਂ ਵੀ ਨਈ ਗਿਆ !

ਭਾਜੀ ਦੇ ਵਾਰ - ਵਾਰ ਫੋਨ ਆਉਣ ਤੇ ਮੈਂ ਫੋਨ ਵੀ ਨਈ ਚੱਕਿਆ ! ਆਖਿਰ ਸ਼ਾਮੀ ਡੈਡੀ ਨੂੰ ਭਾਜੀ ਦਾ ਫੋਨ ਆਇਆ ਕੀ ਮੂੰਡੇ ਨੂੰ ਭੇਜੋ ਤਨਖਾਹ ਕਹਿੰਦੇ ਹੋ ਤਾਂ ਅਗਲੇ ਮਹੀਨੇ ਤੋਂ ਇਹਦੀ ਹਜ਼ਾਰ ਦੋ ਹਜ਼ਾਰ ਹੋਰ ਵਧਾ ਦੇਣਾ ਹਾਂ !

**ਮੈਂ ਕਿਹਾ ਭਾਜੀ ਤੁਹਾਨੂੰ ਵੀ ਪਤਾ ਹੈ ਨਿੱਤੀਨ ਨੇ ਹੀ ਮੈਨੂੰ ਆਵਦੇ ਨਾਲ ਤੁਹਾਡੇ ਕੋਲ ਕੰਮ ਲਵਾਇਆ ਸੀ ! ਜੇ ਹੁਣ ਉਹ ਹੀ ਹੱਟ ਗਿਆ ਤਾਂ ਮੈਂ ਵੀ ਕੀ ਕਰਾਂਗਾ ਉੱਥੇ..? ਪਰ ਮੈਂ ਜੋ ਅਗਿਉਂ ਸੁਣਿਆ ਤਾਂ ਮੇਰੇ ਵੀ ਪੈਰਾਂ ਥੱਲੋਂ ਜਮੀਣ ਖ਼ਿਸਕ ਗਈ !**

**ਕੀ ਤੈਨੂੰ ਕਿਹਨੇ ਕਿਹਾ ਨਿੱਤੀਨ ਹੱਟ ਗਿਆ ਏ..? ਉਹ ਤਾਂ ਸਵੇਰ ਦਾ ਹੀ ਏਥੇ ਕੰਮ ਤੇ ਹੈ ! ਉਸਤੋਂ ਬਾਅਦ ਮੈਂ ਅਤੇ ਨਿੱਤੀਨ ਦੋਸਤ ਤਾਂ ਰਹੇ ਪਰ ਦੋਸਤੀ ਹੁਣ ਜੱਫੀਆਂ ਤੋਂ ਭਰਵੱਟੇ ਚੱਕ ਕੇ ਹਾਲ - ਚਾਲ ਪੁੱਛਣ ਆਲੀ ਰਹਿ ਗਈ ਸੀ !**

**ਆਪ ਜੀ ਦਾ ਬਹੁਤ - ਬਹੁਤ ਧੰਨਵਾਦ !**

**ਤੁਸੀ ਸਾਨੂੰ ਇਹ ਕਹਾਣੀ ਪ੍ਰਤੀ ਆਪਣੇ ਵਿਚਾਰ ਵੱਟਸੈਪ ਜਾਂ ਈ - ਮੇਲ ਰਾਹੀ ਜਰੂਰ ਸਾਂਝੇ ਕਰਿਓ...! ਅੱਗਲਾ ਭਾਗ ਜੱਲਦੀ ਹੀ { ਹਜੇ ਮੁੱਕਿਆ ਨਈ }**

**{ ਜੱਸ ਬੇਦੀ ਫਿਰੋਜ਼ਪੁਰ }**

**ਵੱਟਸੈਪ - 6239424614**

**ਏ - ਮੇਲ : Jassbedi456@gmail.com**

**ਇੰਸਟਾਗ੍ਰਾਮ - OFFICIAL_JASS.12**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com